ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਵਾਤਾਵਰਣ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਰਹਿਨੁਮਾਈ ਹੇਠ ਇਸ ਦਿਸ਼ਾ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਨਗਰ ਵਣ ਯੋਜਨਾ ਸਕੀਮ ਤਹਿਤ ਭਾਰਤ ਸਰਕਾਰ ਪਾਸੋਂ ਸਾਲ 2023-24 ਦੌਰਾਨ 12 ਨਵੇਂ ਨਗਰ ਵਣ / ਵਾਟਿਕਾ ਪ੍ਰੋਜੈਕਟ ਪ੍ਰਵਾਨ ਕਰਵਾਏ ਗਏ ਹਨ। ਇਸ ਵਿੱਚ ਕੁੱਲ 265.958 ਲੱਖ ਰੁਪਏ ਖਰਚ ਹੋਣਗੇ। ਸਟੇਟ ਅਥਾਰਟੀ ਕੈਂਪਾ ਸਕੀਮ ਤਹਿਤ ਮੁਲਾਜ਼ਮਾਂ ਖਾਸ ਕਰਕੇ ਔਰਤਾਂ ਲਈ ਸਵੱਛਤਾ ਨੂੰ ਯਕੀਨੀ ਬਣਾਉਣ ਲਈ 3 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਨਰਸਰੀਆਂ ਵਿੱਚ 100 ਪਖਾਨਿਆਂ ਦੀ ਉਸਾਰੀ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸਾਲ 2024-25 ਦੌਰਾਨ ਹੋਰ ਵੀ ਪਾਖਾਨੇ ਉਸਾਰੇ ਜਾਣਗੇ। ਇੰਨਾ ਹੀ ਨਹੀਂ ਸਗੋਂ ਪਠਾਨਕੋਟ ਵਿਖੇ ਰੇਸ਼ਮ ਦੇ ਕੀੜੇ ਪਾਲਣ ਦਾ ਪ੍ਰੋਜੈਕਟ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਉੱਤੇ 3.75 ਕਰੋੜ ਰੁਪਏ ਖਰਚ ਆਵੇਗਾ ਅਤੇ ਇਸ ਉੱਦਮ ਨਾਲ 136 ਕਿਸਾਨਾਂ ਨੂੰ ਲਾਭ ਮਿਲੇਗਾ। ਇਸ ਤੋਂ ਇਲਾਵਾ ਵਿਭਾਗ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ 72 ਕਲਰਕ, 2 ਉਪਰੇਂਜਰ, 2 ਫਾਰੈਸਟਰ ਅਤੇ 199 ਵਣਗਾਰਡਾਂ ਦੀ ਨਿਯੁਕਤੀ ਕੀਤੀ ਗਈ ਹੈ। ਵਿਭਾਗ ਵਿੱਚ ਨਵੇਂ ਭਰਤੀ ਹੋਏ ਕਲਰਕ, ਉਪਰੇਂਜਰ, ਫਾਰੈਸਟਰ, ਵਣ ਗਾਰਡਾਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਜਾ ਰਹੀ ਹੈ।ਵਿਭਾਗ ਵੱਲੋਂ ਹੁਸ਼ਿਆਰਪੁਰ ਵਿਖੇ ਪਾਲੀਥੀਨ ਬੈਗ ਫੈਕਟਰੀ ਵਿੱਚ ਨਵੀਆਂ ਮਸ਼ੀਨਾਂ ਲਗਵਾਕੇ ਵਧੀਆ ਕਿਸਮ ਦੇ ਪਾਲੀਥੀਨ ਤਿਆਰ ਕੀਤੇ ਜਾ ਰਹੇ ਹਨ। ਪੰਜਾਬ ਰਾਜ ਵਣ ਨਿਗਮ ਵੱਲੋਂ ਸਾਲ 2023-24 ਦੌਰਾਨ ਬਠਿੰਡਾ ਵਿਖੇ ਫੈਂਸਿੰਗ ਪੋਸਟ ਵਰਮੀਕੰਪੋਸਟ ਅਤੇ ਵੂਡਨ ਕਰੇਟ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

# ਪੰਜਾਬ ਦਾ ਫਸਲੀ ਵਿਭਿੰਨਤਾ ਦੀ ਦਿਸ਼ਾ ਵੱਲ ਅਹਿਮ ਕਦਮ ਖੇਤੀਬਾੜੀ ਵਿਭਾਗ ਵੱਲੋਂ ਸਾਉਣੀ ਦੀ ਮੱਕੀ ਦੇ ਬੀਜਾਂ 'ਤੇ ਦਿੱਤੀ ਜਾਵੇਗੀ

ਚੰਡੀਗੜ੍ਹ ਸਾਂਝੀ ਸੋਚ ਬਿਊਰੋ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖੇਤੀ ਵਿਭਿੰਨਤਾ ਬਾਰੇ ਯੋਜਨਾ ਨੂੰ ਸੂਬੇ ਵਿੱਚ ਵੱਡੇ ਪੱਧਰ 'ਤੇ ਸਫ਼ਲ ਬਣਾਉਣ ਲਈ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਸਾਉਣੀ ਦੀ ਮੱਕੀ ਦੇ ਹਾਈਬ੍ਰਿਡ ਬੀਜਾਂ 'ਤੇ ਸਬਸਿਡੀ ਦੇਣ ਅਤੇ 4700 ਹੈਕਟੇਅਰ ਰਕਬੇ ਉਤੇ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਾਉਣ ਦਾ ਫੈਸਲਾ ਕੀਤਾ ਹੈ।ਇਸ ਬਾਰੇ ਅੱਜ ਇੱਥੇ ਇੱਕ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਵੱਲੋਂ ਪ੍ਰਮਾਣਿਤ ਅਤੇ ਸਿਫ਼ਾਰਸ਼ ਕੀਤੇ ਹਾਈਬ੍ਰਿਡ ਮੱਕੀ ਦੇ ਪ੍ਰਤੀ 1 ਕਿਲੋਗ੍ਰਾਮ ਬੀਜ ਦੀ ਖਰੀਦ 'ਤੇ ਕਿਸਾਨ 100 ਰੁਪਏ ਦੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਹਾਈਬ੍ਰਿਡ ਸਾਉਣੀ ਦੀ ਮੱਕੀ ਦੇ ਬੀਜਾਂ ਲਈ ਸਬਸਿਡੀ ਪ੍ਰਤੀ ਕਿਸਾਨ ਵੱਧ ਤੋਂ ਵੱਧ 5 ਏਕੜ ਰਕਬਾ ਜਾਂ 40 ਕਿਲੋਗ੍ਰਾਮ ਬੀਜ ਲਈ ਮੁਹੱਈਆ ਕਰਵਾਈ ਜਾਵੇਗੀ। ਸੂਬਾ ਦੇ ਕਿਸਾਨਾਂ ਨੂੰ ਕੁੱਲ 2300 ਕੁਇੰਟਲ ਮੱਕੀ ਦਾ ਬੀਜ ਸਬਸਿਡੀ 'ਤੇ ਉਪਲਬਧ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਕੁੱਲ 4700 ਹੈਕਟੇਅਰ ਰਕਬੇ ਉਤੇ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ, ਜਿਸ ਲਈ ਕਿਸਾਨਾਂ ਨੂੰ ਖਾਦਾਂ, ਕੀਟਨਾਸ਼ਕਾਂ ਆਦਿ ਸਮੇਤ ਵੱਖ-ਵੱਖ ਸਮਗਰੀ ਲਈ ਪ੍ਰਤੀ ਹੈਕਟੇਅਰ 6000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਵੱਧ ਖ਼ਪਤ ਵਾਲੀ ਝੋਨੇ ਦੀ ਫ਼ਸਲ ਤੋਂ ਛੁਟਕਾਰਾ ਦਿਵਾਉਣ ਲਈ ਸੂਬਾ ਸਰਕਾਰ ਨੇ ਰਿਕਾਰਡ 2 ਲੱਖ ਹੈਕਟੇਅਰ ਰਕਬੇ 'ਤੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਦਾ ਟੀਚਾ ਮਿੱਥਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ ਦੁੱਗਣਾ ਹੈ।

ਸੂਬੇ ਦੇ ਕਿਸਾਨਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ.ਬੀ.ਟੀ.) ਸਕੀਮ ਰਾਹੀਂ ਸਬਸਿਡੀ ਦੀ ਰਕਮ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਟਰਾਂਸਫਰ ਕੀਤੀ ਜਾਵੇਗੀ। ਹਾਈਬ੍ਰਿਡ ਮੱਕੀ ਦੇ ਬੀਜਾਂ 'ਤੇ ਸਬਸਿਡੀ ਲੈਣ ਲਈ ਇੱਛੁੱਕ ਕਿਸਾਨ ਆਨਲਾਈਨ ਪੋਰਟਲ agrimachinerypb.com ਉਤੇ ਆਪਣੀ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ।ਕੈਬਨਿਟ ਮੰਤਰੀ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਵੇਚੇ ਜਾ ਰਹੇ ਬੀਜਾਂ ਦੀ ਨੇੜਿਓਂ ਨਿਗਰਾਨੀ ਕੀਤੀ ਜਾਵੇ ਅਤੇ ਕਿਸਾਨਾਂ ਨੂੰ ਮਿਆਰੀ ਬੀਜ ਹੀ ਉਪਲਬਧ ਕਰਵਾਏ ਜਾਣ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਪਿੰਡਾਂ ਵਿੱਚ "ਰੁੱਖ ਲਗਾਓ ਪਾਣੀ ਬਚਾਓ" ਤਹਿਤ 10,000 ਦੇ ਕਰੀਬ ਪੋਸਟਰ ਵੰਡਣ ਦੀ ਮੁਹਿੰਮ ਆਰੰਭੀ

ਅੰਮ੍ਰਿਤਸਰ ਡਾ.ਰਾਜਿੰਦਰ ਰਿਖੀ



ਅੱਜ ਇੱਥੇ ਪਿਛਲੇ 38 ਸਾਲਾਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵ ਵਿੱਚ ਨਿਰੰਤਰ ਜੁੱਟੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ, ਪਿੰਡਾਂ ਵਿੱਚ "ਰੁੱਖ ਲਗਾਓ-ਪਾਣੀ ਬਚਾਓ" ਤਹਿਤ 10,000 ਦੇ ਕਰੀਬ ਪੋਸਟਰ ਵੰਡਣ ਦੀ ਮੁਹਿੰਮ ਆਰੰਭੀ ਗਈ, ਜਿਸਦੀ ਕਿ ਰਸਮੀਂ ਸ਼ੁਰੂਆਤ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ ਅਰਦਾਸ ਬੇਨਤੀ ਕਰਨ ਉਪਰੰਤ, ਸੰਗਤਾਂ ਵਿੱਚ ਪੋਸਟਰ ਵੰਡਣ ਨਾਲ ਕੀਤੀ ਗਈ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਭਾਈ ਗੁਰਪ੍ਰੀਤ ਸਿੰਘ ਮੱਲੇਵਾਲ ਮੈਨੇਜਰ ਗੁ:ਪਾਤਸ਼ਾਹੀ ਨੌਵੀਂ ਅਤੇ ਇੰਚਾਰਜ ਸੁਖਵਿੰਦਰ ਸਿੰਘ ਬੁਤਾਲਾ ਆਦਿ ਨੇ ਇਸ ਟੀਮ ਨੂੰ ਪਿੰਡਾਂ ਵਿੱਚ ਪੋਸਟਰ ਵੰਡਣ ਦੇ ਪ੍ਰਚਾਰ ਲਈ ਰਵਾਨਾ ਕੀਤਾ। ਇਸ ਮੌਕੇ ਟੈਲੀ ਫਿਲਮ "ਜਲ ਹੈ ਤਾਂ ਕੱਲ੍ਹ ਹੈ" ਦੇ ਲੇਖਕ, ਅਤੇ ਡਾਇਰੈਕਟਰ ਸੁਲੱਖਣ ਸਿੰਘ ਦਿਓਲ, ਕਲਾਕਾਰ ਸੁਲੱਖਣ ਸਿੰਘ ਦਿਓਲ, ਗਾਇਕ ਗੁਰਮੇਜ ਸਹੋਤਾ, ਡਾ:ਕੁਲਵੰਤ ਸਿੰਘ ਬਾਠ ਵੈਟਰਨਰੀ ਅਫਸਰ ਨੇ ਕਿਹਾ ਕਿ ਅੱਜ ਗਰਮੀ ਨਾਲ ਲੋਕ ਤਰਾਸ-ਤਰਾਸ ਕਰ ਰਹੇ ਹਨ, ਜਿਸ ਦਾ ਕਾਰਣ ਹਰਿਆਲੀ ਭਰੇ ਰੁੱਖਾਂ ਦਾ ਕੱਟੇ ਜਾਣਾ ਹੈ, ਉਨ੍ਹਾਂ ਕਿਹਾ ਕਿ ਸਾਨੂੰ ਹਰਿਆਲੀ ਭਰੇ ਰੁੱਖ ਲਾਉਣੇ ਚਾਹੀਦੇ ਹਨ ਅਤੇ ਪਾਣੀ ਦੀ ਵੱਧ ਤੋਂ ਵੱਧ ਬੱਚਤ ਕਰਨੀ ਚਾਹੀਦੀ ਹੈ। ਇਸ ਮੌਕੇ ਗਾਇਕ ਮੱਖਣ ਸਿੰਘ ਭੈਣੀਵਾਲਾ, ਸਾਬ ਸਰਾਂ, ਗੁਰਪ੍ਰੀਤ ਸਿੰਘ ਪੁਰੇਵਾਲ, ਗੇਜਾ ਖਡੂਰ ਸਾਹਿਬ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੀ ਮਹਿਲਾ ਵਿੰਗ ਦੀ ਪ੍ਰਧਾਨ ਸੁਖਵੰਤ ਕੌਰ ਵੱਸੀ, ਸਰਬਜੀਤ ਸਿੰਘ ਪੱਡਾ, ਬਲਵਿੰਦਰ ਸਿੰਘ ਅਠੌਲਾ, ਸਤਨਾਮ ਸਿੰਘ, ਤਰਸੇਮ ਸਿੰਘ ਸਰਾਂ ਤਲਵੰਡੀ,ਅਰਮਾਨਜੀਤ ਸਿੰਘ ਦਿਓਲ, ਲਖਵਿੰਦਰ ਸਿੰਘ ਉੱਪਲ, ਅੰਗਰੇਜ ਸਿੰਘ ਖਡੂਰ ਸਾਹਿਬ, ਗੁਰਪ੍ਰੀਤ ਸਿੰਘ ਪੁਰੇਵਾਲ, ਮਾ: ਬਲਬੀਰ ਸਿੰਘ ਬੀਰ, ਅਮਰਜੀਤ ਸਿੰਘ ਘੁੱਕ, ਸਰਬਜੀਤ ਸਿੰਘ ਲਾਡੀ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਸ਼੍ਰੋਮਣੀ ਕਮੇਟੀ ਨੇ ਪਾਸਪੋਰਟ ਮੰਗੇ

ਅੰਮ੍ਰਿਤਸਰ ਸਾਂਝੀ ਸੋਚ ਬਿਊਰੋ



ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ 2024 ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 10 ਅਗਸਤ 2024 ਤੱਕ ਜਮ੍ਹਾ ਕਰਵਾ ਸਕਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 10 ਅਗਸਤ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿਚ ਭੇਜਣ।ਪ੍ਰਤਾਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਪਾਸਪੋਰਟ ਅਤੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਦੇਣ, ਤਾਂ ਜੋ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਸਕੇ।

# ਬੰਗਾਲ ਦੇ ਰਾਜਪਾਲ ਵੱਲੋਂ ਮੁੱਖ ਮੰਤਰੀ ਮਮਤਾ ਬੈਨਰਜੀ ਖ਼ਿਲਾਫ਼ ਮਾਨਹਾਨੀ ਕੇਸ ਦਰਜ

ਅੰਮ੍ਰਿਤਸਰ ਸਾਂਝੀ ਸੋਚ ਬਿਊਰੋ



ਪੱਛਮੀ ਬੰਗਾਲ ਦੇ ਰਾਜਪਾਲ ਸੀਵੀ ਆਨੰਦ ਬੋਸ ਨੇ ਮੁੱਖ ਮੰਤਰੀ ਮਮਤਾ ਬੈਨਰਜੀ ਖ਼ਿਲਾਫ਼ ਕਲਕੱਤਾ ਹਾਈ ਕੋਰਟ ਵਿਚ ਮਾਨਹਾਨੀ ਦਾ ਕੇਸ ਦਰਜ ਕੀਤਾ ਹੈ। ਬੈਨਰਜੀ ਨੇ ਬੀਤੇ ਦਿਨ ਸੂਬਾ ਸਕੱਤਰੇਤ 'ਚ ਪ੍ਰਸ਼ਾਸਨਿਕ ਬੈਠਕ ਦੌਰਾਨ ਕਿਹਾ ਸੀ ਕਿ ਕੁਝ ਮਹਿਲਾਵਾਂ ਨੇ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਹੈ ਕਿ ਉਹ ਰਾਜ ਭਵਨ ਵਿਚ ਚਲਦੀਆਂ ਸਰਗਰਮੀਆਂ ਕਰਕੇ ਉੱਥੇ ਜਾਣ ਤੋਂ ਡਰਦੀਆਂ ਹਨ। ਬੋਸ ਨੇ ਇਸ ਟਿੱਪਣੀ ਲਈ ਬੈਨਰਜੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਸੀ ਕਿ ਲੋਕ ਨੁਮਾਇੰਦਿਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਗ਼ਲਤ ਤਸਵੀਰ ਪੇਸ਼ ਕਰਨ ਜਾਂ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਨਾ ਕਰਨ। ਸੂਤਰਾਂ ਨੇ ਕਿਹਾ ਕਿ ਬੰਗਾਲ ਦੇ ਰਾਜਪਾਲ ਨੇ ਕੁਝ ਟੀ.ਐੱਮ.ਸੀ. ਆਗੂਆਂ ਖ਼ਿਲਾਫ਼ ਵੀ ਮਿਲਦੀਆਂ ਜੁਲਦੀਆਂ ਟਿੱਪਣੀਆਂ ਲਈ ਮਾਨਹਾਨੀ ਕੇਸ ਦਰਜ ਕੀਤਾ ਹੈ।

Gillson
TRUCKING INC




# NOW Hiring
# Truck Drivers
# Class A CDL

- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight

## Skills:

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

## Responsibilities:

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

## Pay:

- Between **$80,000.00 - $120,000.00** per year
- Average pay: **$0.50- $0.60** cents/mile
- Weekly direct deposits
- Bonuses for clean inspections
- High mileage bonuses

## Newer Equipment:

Freightliner and Volvo 2020 and present
Reset pay away from Terminals- Stockton, CA and Dayton, Ohio

- Flexible Home Time
- Pet Friendly
- Rider Policy

## Health Benefits:

Health | Dental | Vision




## Where to Apply

It's on our website the link under apply now. Please copy it here and then we would to have all.

**Apply Here:**

https://intelliapp.driverapponline.com/c/gillson?uri_b=ia_gillson_2058382794

## Contact:

1801 E Dr. Martin Luther King Jr. Blvd, Stockton, CA 95205
925-400-9094 | ext.116, ext.130 and ext.144
info@teamgillson.com

## Get in Touch:

gillsontrucking
gillsontrucking
company/gillsontrucking
www.teamgillson.com

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


AAA
TRUCK WASH
ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ
ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ
Our Locations :-
Delhi | Merced | Madera | Santa Nella
Tracy | San Fransisco | Corning
Old Truck Stop Gemco Ripon Next to Flying J, Santos Ave ਦੇ ਉੱਤੇ
Find nearest Location & Hours
Call at 1800-405-9274 or visit our website for
credit application to open credit account with our company
ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ
Tire Shop, Repair Shop, Oil & Lube Shop available on our locations
Website:- www.aaatruckwash.com

# ਆਜ਼ਾਦ ਲੋਕ ਦਲ ਦਾ ਬਸਪਾ ਵਿੱਚ ਰਲੇਵਾਂ ਸਾਰੀ ਪਾਰਟੀ ਹੋਈ ਬਸਪਾ 'ਚ ਸ਼ਾਮਿਲ - ਜਸਵੀਰ ਸਿੰਘ ਗੜ੍ਹੀ

ਜਲੰਧਰ
ਸਾਂਝੀ ਸੋਚ ਬਿਊਰੋ

ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਅੱਜ ਉਸ ਵੇਲੇ ਵੱਡੀ ਮਜਬੂਤੀ ਮਿਲੀ ਜਦੋਂ ਆਜ਼ਾਦ ਲੋਕ ਦਾ ਰਲੇਵਾਂ ਬਹੁਜਨ ਸਮਾਜ ਪਾਰਟੀ ਵਿੱਚ ਹੋ ਗਿਆ। ਆਜ਼ਾਦ ਲੋਕ ਦਲ ਕਪੂਰਥਲਾ ਜ਼ਿਲ੍ਹੇ ਵਿੱਚ ਵੱਡੀ ਪੱਧਰ ਤੇ ਸਰਗਰਮ ਸੀ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਹਾਜ਼ਰੀ ਵਿੱਚ ਆਜ਼ਾਦ ਲੋਕ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਜਿੱਥੇ ਬਹੁਜਨ ਸਮਾਜ ਪਾਰਟੀ ਵਿੱਚ ਰਲੇਵਾਂ ਕੀਤਾ ਉੱਥੇ ਆਪਣੇ ਸੈਂਕੜੇ ਸਮਰਥਕਾਂ ਦੇ ਨਾਲ ਬਹੁਜਨ ਸਮਾਜ ਪਾਰਟੀ ਨੂੰ ਮਜਬੂਤ ਕਰਨ ਦਾ ਅਹਿਦ ਲਿਆ। ਇਸ ਮੌਕੇ ਬੋਲਦਿਆਂ ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਵਿੱਚ ਅਤੇ ਪੰਜਾਬ ਦੇ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੀ ਦੇਖਰੇਖ ਹੇਠ ਬਹੁਜਨ ਸਮਾਜ ਦੀ ਮਜਬੂਤੀ ਲਈ ਪੰਜਾਬ ਦੇ ਗੈਰ ਰਾਜਨੀਤਿਕ ਸੰਗਠਨਾਂ ਦਾ ਵੱਡੇ ਪੱਧਰ ਤੇ ਸਹਿਯੋਗ ਲਿਆ ਜਾਏਗਾ। ਬਹੁਜਨ ਸਮਾਜ ਪਾਰਟੀ ਸਮੁੱਚੇ ਛੋਟੇ ਵਡੇ ਸੰਗਠਨਾਂ ਤੱਕ ਪਹੁੰਚ ਕਰਕੇ ਫੂਲੇ ਸ਼ਾਹੂ ਅੰਬੇਡਕਰੀ ਅੰਦੋਲਨ ਦੀ ਵਿਚਾਰਧਾਰਾ ਦੇ ਤਹਿਤ ਬਹੁਜਨ ਸਮਾਜ ਨੂੰ ਸੱਤਾ ਦਾ ਮਾਲਕ ਬਣਾਉਣ ਲਈ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਕੈਸ਼ੀਅਰ ਸ੍ਰੀ ਪਰਮਜੀਤ ਮੱਲ, ਸੂਬਾ ਸਕੱਤਰ ਸ਼੍ਰੀ ਤਰਸੇਮ ਥਾਪਰ ਅਤੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਹਰਿੰਦਰ ਸ਼ੀਤਲ ਹਾਜ਼ਰ ਸਨ। ਆਜ਼ਾਦ ਲੋਕ ਦਲ ਨੂੰ ਭੰਗ ਕਰਨ ਮੌਕੇ ਅਤੇ ਬਸਪਾ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਲੈਂਦੇ ਹੋਏ ਸ੍ਰੀ ਸੁਰਜੀਤ ਸਿੰਘ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਗਰੀਬਾਂ ਮਜ਼ਦੂਰਾਂ, ਮਜਲੂਮਾਂ, ਦਲਤਾਂ, ਪਛੜੇ ਵਰਗਾ ਅਤੇ ਘੱਟ ਗਿਣਤੀਆਂ ਦੀ ਗੱਲ ਕਰਨ ਵਾਲੀ ਇੱਕਮਾਤਰ ਪਾਰਟੀ ਹੈ ਜਿਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋਕੇ ਬਹੁਜਨ ਸਮਾਜ ਪਾਰਟੀ ਵਿੱਚ ਰਲੇਵਾਂ ਕੀਤਾ ਜਾ ਰਿਹਾ ਹੈ। ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਸੁਰਜੀਤ ਸਿੰਘ ਸੂਬਾ ਪ੍ਰਧਾਨ, ਲਖਵਿੰਦਰ ਸਿੰਘ ਲੱਖਾ ਸੂਬਾ ਉਪ ਪ੍ਰਧਾਨ, ਰੁਪਿੰਦਰ ਸਿੰਘ ਸੂਬਾ ਜਨਰਲ ਸਕੱਤਰ, ਸਰਜੀਤ ਸਿੰਘ ਮਰਵਾਹਾ ਦਿਹਾਤੀ ਜਿਲ੍ਹਾ ਪ੍ਰਧਾਨ ਕਪੂਰਥਲਾ, ਹਰਪਾਲ ਸਿੰਘ ਗਿੱਲ, ਬਲਜੀਤ ਸਿੰਘ ਲਹੌਰੀਆ ਜਿਲਾ ਮੀਤ ਪ੍ਰਧਾਨ ਸ਼ਹਿਰੀ ਕਪੂਰਥਲਾ, ਸਰਬਜੀਤ ਸਿੰਘ ਸਾਭੀ ਜੁਆਇੰਟ ਸੈਕਟਰੀ, ਹਰਿੰਦਰ ਸਿੰਘ ਸ਼ਹਿਰੀ ਉਪ ਪ੍ਰਧਾਨ, ਸੋਹਨ ਲਾਲ, ਗੁਰਜੀਤ ਕੌਰ ਭਿੰਡਰ ਪ੍ਰਧਾਨ ਜ਼ਿਲ੍ਹਾਂ ਮਹਿਲਾ ਮੰਡਲ, ਸੋਮਾ ਰਾਣੀ ਮੀਤ ਪ੍ਰਧਾਨ ਮਹਿਲਾ ਮੰਡਲ, ਸੁਸ਼ੀਲ ਕੁਮਾਰ ਠੇਕੇਦਾਰ ਪ੍ਰਧਾਨ ਮਜਦੂਰ ਯੂਨੀਅਨ, ਜਗਜੀਤ ਸਿੰਘ, ਜਰਨੈਲ ਸਿੰਘ, ਕਮਲਪ੍ਰੀਤ ਸਿੰਘ, ਰਾਜਨ ਸ਼ਰਮਾ ਤੇ ਹਰਪ੍ਰੀਤ ਠਾਕੁਰ ਸਮੇਤ ਸੈਂਕੜੇ ਸਮਰਥਕਾਂ ਨੇ ਬਹੁਜਨ ਸਮਾਜ ਪਾਰਟੀ ਨੂੰ ਜੁਆਇਨ ਕੀਤਾ।



# ਪੰਜਾਬੀ ਕਲਚਰਲ ਕੌਂਸਲ ਅਤੇ ਵਰਲਡ ਗੱਤਕਾ ਫੈਡਰੇਸ਼ਨ ਵੱਲੋਂ ਤਨਮਨਜੀਤ ਢੇਸੀ ਨੂੰ ਯੂਕੇ ਸੰਸਦੀ ਚੋਣ 'ਚ ਵੱਡੇ ਫਰਕ ਨਾਲ ਜਿਤਾਉਣ ਦੀ ਗੁਜ਼ਾਰਿਸ਼

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬੀ ਕਲਚਰਲ ਕੌਂਸਲ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਸਾਂਝੇ ਤੌਰ 'ਤੇ ਸਮੂਹ ਵੋਟਰਾਂ ਨੂੰ ਬਰਤਾਨੀਆਂ ਦੇ ਸਲੌਅ ਸੰਸਦੀ ਹਲਕੇ ਤੋਂ ਦੂਜੀ ਵਾਰ ਚੋਣ ਲੜ ਰਹੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਪੁਰਜ਼ੋਰ ਮੱਦਦ ਕਰਨ ਅਤੇ ਵੱਡੇ ਫਰਕ ਨਾਲ ਜਿਤਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਾਰਜਕਾਲ ਦੌਰਾਨ ਢੇਸੀ ਨੇ ਬਰਤਾਨਵੀ ਸੰਸਦ ਵਿੱਚ ਹਰ ਵਰਗ ਦਾ ਮਜ਼ਬੂਤੀ ਨਾਲ ਪੱਖ ਰੱਖਦੇ ਹੋਏ ਇੱਕ ਸਮਰਪਿਤ ਅਤੇ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਇਤਿਹਾਸ ਰਚਿਆ ਹੈ ਅਤੇ ਢੇਸੀ ਵੱਲੋਂ ਠੋਕਵੀਂ ਉਸਾਰੂ ਬਹਿਸ ਦੀ ਸਮਰੱਥਾ ਸਦਕਾ ਉਸ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਖਾਸ ਕਰਕੇ ਪ੍ਰਵਾਸੀਆਂ ਦੇ ਹਿੱਤਾਂ ਲਈ ਇੱਕ ਪ੍ਰਭਾਵਸ਼ਾਲੀ ਵਕੀਲ ਵਜੋਂ ਦੇਖਿਆ ਜਾਂਦਾ ਹੈ। ਬਰਤਾਨੀਆ, ਵਿਸ਼ੇਸ਼ ਕਰਕੇ ਸਲੌਅ ਹਲਕੇ ਦੇ ਵੋਟਰਾਂ ਅਤੇ ਸਮਰਥਕਾਂ ਨੂੰ ਇਸ ਭਾਵਪੂਰਤ ਅਪੀਲ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇੰਨਾਂ ਚੋਣਾਂ ਨੇ ਬਰਤਾਨੀਆ ਦੇ ਮੂਲ ਨਿਵਾਸੀਆਂ ਅਤੇ ਸਮੂਹ ਪ੍ਰਵਾਸੀਆਂ ਲਈ ਤਨਮਨਜੀਤ ਢੇਸੀ ਦੀ ਮਿਸਾਲੀ ਲੀਡਰਸ਼ਿਪ ਵਿੱਚ ਆਪਣਾ ਵਿਸ਼ਵਾਸ ਮੁੜ੍ਹ ਪ੍ਰਗਟ ਕਰਨ ਦਾ ਇੱਕ ਬਿਹਤਰੀਨ ਮੌਕਾ ਦਿੱਤਾ ਹੈ। ਉਨਾਂ ਕਿਹਾ ਕਿ ਢੇਸੀ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਸਲੌਅ ਹਲਕੇ ਦੇ ਲੋਕਾਂ ਦੀ ਅਣਥੱਕ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਜ਼ੋਰਦਾਰ ਢੰਗ ਨਾਲ ਬਰਤਾਨਵੀ ਸਦਨ ਦੇ ਸਾਹਮਣੇ ਉਠਾਇਆ ਹੈ। ਇਸ ਤੋਂ ਇਲਾਵਾ ਢੇਸੀ ਵੱਲੋਂ ਯੂਕੇ ਅਤੇ ਭਾਰਤ ਦੋਵਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰੇ ਦੀਆਂ ਮੰਗਾਂ ਦੀ ਪੂਰਤੀ ਲਈ ਜ਼ੋਰਦਾਰ ਵਕਾਲਤ ਕੀਤੀ ਗਈ ਜਿੰਨਾਂ ਵਿੱਚ ਉਚੇਚੇ ਤੌਰ ਉਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਹਵਾਈ ਅੱਡਿਆਂ ਨੂੰ ਯੂਕੇ ਨਾਲ ਜੋੜਨ ਲਈ ਇੱਥੋਂ ਲੰਦਨ ਨੂੰ ਸਿੱਧੀਆਂ ਉਡਾਣਾ ਸ਼ੁਰੂ ਕਰਨ ਵਾਸਤੇ ਲਗਾਤਾਰ ਪੈਰਵੀ ਕਰਨਾ ਸ਼ਾਮਲ ਹੈ। ਗਰੇਵਾਲ ਨੇ ਪ੍ਰਵਾਸੀਆਂ ਭਾਰਤੀਆਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਪੰਜਾਬੀਅਤ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਢੇਸੀ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਬਰਤਾਨਵੀ ਅਤੇ ਪ੍ਰਵਾਸੀ ਭਾਰਤੀ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਗਤੀਸ਼ੀਲ ਨੌਜਵਾਨ ਆਗੂ ਸਮੇਤ ਇਹ ਆਮ ਚੋਣਾਂ ਲੜ ਰਹੇ ਲੇਬਰ ਪਾਰਟੀ ਦੇ ਹੋਰ ਆਗੂਆਂ ਦਾ ਤਨੋ-ਮਨੋ ਸਮਰਥਨ ਕਰਨ ਅਤੇ ਸਲੌਅ ਵਿੱਚ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਢੇਸੀ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ।

ਗੱਤਕਾ ਪ੍ਰਮੋਟਰ ਹਰਜੀਤ ਗਰੇਵਾਲ, ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ, ਨੇ ਅੱਗੇ ਕਿਹਾ ਕਿ ਢੇਸੀ ਦਾ ਯੋਗਦਾਨ ਰਾਜਨੀਤੀ ਤੋਂ ਪਰੇ ਹੈ ਅਤੇ ਉਹ ਲਗਭਗ ਇੱਕ ਦਹਾਕੇ ਤੋਂ ਯੂਕੇ ਗੱਤਕਾ ਫੈਡਰੇਸ਼ਨ ਦੀ ਅਗਵਾਈ ਕਰਦੇ ਹੋਏ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲਗਾਤਾਰ ਕੌਮੀ ਪੱਧਰੀ ਗੱਤਕਾ ਚੈਂਪੀਅਨਸ਼ਿਪਾਂ ਦਾ ਆਯੋਜਨ ਕਰਵਾ ਰਹੇ ਹਨ। ਉਹ ਬਰਤਾਨੀਆ ਵਿੱਚ ਗੱਤਕਾ ਖੇਡ ਸਮੇਤ ਹੋਰ ਖੇਡਾਂ ਨੂੰ ਵੀ ਪ੍ਰਫੁੱਲਤ ਕਰ ਰਹੇ ਹਨ।





# ਭਾਖੜਾ ਨਹਿਰ 'ਚ ਨਹਾਉਣ ਗਏ ਦੋ ਨੌਜਵਾਨਾਂ ਦੀ ਡੁੱਬਣ ਨਾਲ ਮੌਤ

ਘੱਗਾ(ਪਸਿਆਣਾ)
ਸਾਂਝੀ ਸੋਚ ਬਿਊਰੋ

ਘੱਗਾ ਦੇ ਦੋ ਨੌਜਵਾਨਾਂ ਦੀ ਭਾਖੜਾ ਨਹਿਰ ਵਿੱਚ ਨਹਾਉਂਦੇ ਸਮੇਂ ਡੁੱਬ ਜਾਣ ਕਾਰਨ ਮੌਤ ਹੋ ਗਈ ਹੈ। ਜਿਨ੍ਹਾਂ ਦੀਆਂ ਲਾਸ਼ਾਂ ਅੱਜ ਮਿਲ ਗਈਆਂ ਹਨ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਜਸਵਿੰਦਰ ਸਿੰਘ ਵਾਸੀ ਪਿੰਡ ਘੱਗਾ ਨੇ ਦੱਸਿਆ ਕਿ ਉਸ ਦਾ ਲੜਕਾ ਗੁਰਦਾਸ ਸਿੰਘ ਉਮਰ ਲਗਭਗ 18/19 ਸਾਲ ਮਿਤੀ 26/6/2024 ਨੂੰ ਆਪਣਾ ਪੇਪਰ ਕਹਿ ਕੇ ਸੰਗਰੂਰ ਵਿਖੇ ਚਲਾ ਗਿਆ। ਜਿੱਥੋਂ ਉਸ ਨੇ ਬਾਅਦ ਦੁਪਹਿਰ 3 ਵਜੇ ਮੈਨੂੰ ਫੋਨ ਕੀਤਾ ਕਿ ਡੈਡੀ ਮੇਰਾ ਇੱਕ ਪੇਪਰ ਹੋ ਗਿਆ ਹੈ, ਦੂਜਾ ਪੇਪਰ 4 ਵਜੇ ਹੋਵੇਗਾ। ਪ੍ਰੰਤੂ ਸ਼ਾਮੀਂ 6 ਵਜੇ ਉਸ ਦਾ ਫੋਨ ਬੰਦ ਆਉਣ ਲੱਗਾ। ਦੂਜੇ ਦਿਨ ਸਵੇਰੇ ਉਸ ਦੇ ਇੱਕ ਦੋਸਤ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਗੁਰਦਾਸ ਸਿੰਘ ਦੀ ਬੱਸ ਵਿੱਚ ਆਪਣੇ 4 ਹੋਰ ਦੋਸਤਾਂ ਨਾਲ ਫੇਸ ਬੁੱਕ 'ਤੇ ਵੀਡੀਓ ਪਾਈ ਹੈ, ਜਿਸ ਨੂੰ ਵੇਖ ਕੇ ਅਸੀਂ ਉਸ ਦੇ ਦੋਸਤ ਨਿਰਮਲ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਸਮੂਰਾਂ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਅਸੀਂ ਗੁਰਦਾਸ ਸਿੰਘ, ਦੀਪ ਵਾਸੀ ਪਿੰਡ ਰਾਏਧਰਾਣਾ, ਲਵਲੀ ਵਾਸੀ ਸੰਗਰੂਰ ਅਤੇ ਅਰਸ਼ਦੀਪ ਸਿੰਘ ਵਾਸੀ ਪਿੰਡ ਘੱਗਾ ਅਤੇ ਮੈਂ ਪਸਿਆਣਾ ਨਜ਼ਦੀਕ ਲੰਘਦੀ ਭਾਖੜਾ ਨਹਿਰ ਵਿੱਚ ਨਹਾਉਣ ਲਈ ਰੁਕੇ। ਜਿੱਥੇ ਗੁਰਦਾਸ ਸਿੰਘ ਅਤੇ ਅਰਸ਼ਦੀਪ ਸਿੰਘ ਭਾਖੜਾ ਨਹਿਰ ਵਿੱਚ ਨਹਾਉਣ ਲਈ ਉਤਰ ਗਏ। ਪ੍ਰੰਤੂ ਤੈਰਨਾ ਨਾ ਜਾਣਨ ਕਾਰਨ ਉਹ ਦੋਵੇਂ ਭਾਖੜਾ ਨਹਿਰ ਵਿੱਚ ਡੁੱਬ ਗਏ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਦੋਵਾਂ ਮ੍ਰਿਤਕਾਂ ਗੁਰਦਾਸ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਘੱਗਾ ਅਤੇ ਅਰਸ਼ਦੀਪ ਸਿੰਘ ਪੁੱਤਰ ਬਲਵਾਨ ਰਾਮ ਵਾਸੀ ਪਿੰਡ ਸ਼ੁਤਰਾਣਾ ਜੋ ਪਿਛਲੇ 14/15 ਸਾਲਾਂ ਤੋਂ ਆਪਣੇ ਨਾਨਕੇ ਘੱਗਾ ਵਿਖੇ ਰਹਿ ਰਿਹਾ ਸੀ, ਦੀਆਂ ਲਾਸ਼ਾਂ ਅੱਜ ਹਰਿਆਣਾ ਦੇ ਪਿੰਡ ਮੈਮੜਾ ਨੇੜੇ ਭਾਖੜਾ ਨਹਿਰ ਵਿੱਚੋਂ ਮਿਲ ਗਈਆਂ ਹਨ। ਪੁਲਿਸ ਵੱਲੋਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਿਲ ਹਸਪਤਾਲ ਸਮਾਣਾ ਵਿਖੇ ਲਿਜਾਇਆ ਗਿਆ ਹੈ। ਪੁਲਿਸ ਅਨੁਸਾਰ ਮਾਮਲੇ ਦੀ ਜਾਂਚ ਪੜਤਾਲ ਬਰੀਕੀ ਨਾਲ ਕੀਤੀ ਜਾ ਰਹੀ ਹੈ।



# 'ਆਪ' ਨੇ ਭਾਜਪਾ ਦੇ ਜਲੰਧਰ ਪੱਛਮੀ ਤੋਂ ਉਮੀਦਵਾਰ ਸ਼ੀਤਲ ਅੰਗੁਰਲ ਦੇ ਜਬਰੀ ਵਸੂਲੀ ਦੇ ਮਾਮਲੇ ਦਾ ਕੀਤਾ ਪਰਦਾਫਾਸ਼

ਜਲੰਧਰ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਜਲੰਧਰ ਪੱਛਮੀ ਤੋਂ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੂੰ ਜਬਰੀ ਵਸੂਲੀ ਦੇ ਮਾਮਲੇ ਵਿੱਚ ਬੇਨਕਾਬ ਕੀਤਾ ਹੈ। ਸ਼ੀਤਲ ਅੰਗੁਰਾਲ ਦੇ ਭਰਾ ਰਾਜਨ ਅੰਗੁਰਾਲ ਨੇ ਆਪਣੇ ਭਰਾ ਦੀ ਸ਼ਹਿ 'ਤੇ ਸੰਦੀਪ ਕੁਮਾਰ ਨਾਂ ਦੇ ਵਿਅਕਤੀ ਤੋਂ ਲੱਖਾਂ ਰੁਪਏ ਦੀ ਠੱਗੀ ਕੀਤੀ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਅਤੇ ਜਲੰਧਰ ਦੇ ਜ਼ਿਲ੍ਹਾ ਸਕੱਤਰ (ਸ਼ਹਿਰੀ) ਗੁਰਿੰਦਰ ਸਿੰਘ ਸ਼ੇਰਗਿੱਲ ਦੇ ਨਾਲ ਐਤਵਾਰ ਨੂੰ ਜਲੰਧਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਜਿੱਥੇ ਉਨ੍ਹਾਂ ਸਬੂਤਾਂ ਸਮੇਤ ਮੀਡੀਆ ਸਾਹਮਣੇ ਅੰਗੁਰਾਲ ਭਰਾਵਾਂ ਖਿਲਾਫ ਇਸ ਅਪਰਾਧਿਕ ਕੇਸ ਦਾ ਖੁਲਾਸਾ ਕੀਤਾ। ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਹਰ ਰੋਜ਼ ਅਜਿਹੇ ਲੋਕ ਸਾਹਮਣੇ ਆ ਰਹੇ ਹਨ, ਜੋ ਇਹ ਖੁਲਾਸਾ ਕਰ ਰਹੇ ਹਨ ਕਿ ਸ਼ੀਤਲ ਅੰਗੁਰਲ ਨੇ ਸਾਡੇ ਨਾਲ ਠੱਗੀ ਕੀਤੀ ਹੈ, ਸ਼ੀਤਲ ਅੰਗੁਰਲ ਨੇ ਸਾਡੇ ਕੋਲੋਂ ਪੈਸੇ ਵਸੂਲੇ, ਧੋਖਾਧੜੀ ਕੀਤੀ ਅਤੇ ਜੂਆ ਖੇਡਿਆ। ਕੰਗ ਨੇ ਦੱਸਿਆ ਕਿ ਜਲੰਧਰ 'ਚ ਇਕ ਪਰਿਵਾਰ ਹੈ ਜਿਸ ਦਾ ਕੋਈ ਵਿਵਾਦ ਚੱਲ ਰਿਹਾ ਸੀ ਅਤੇ ਉਨ੍ਹਾਂ ਦਾ ਲੜਕਾ ਸੰਦੀਪ ਕੁਮਾਰ ਆਸਟ੍ਰੇਲੀਆ 'ਚ ਰਹਿੰਦਾ ਹੈ। ਕੁਝ ਮਹੀਨੇ ਪਹਿਲਾਂ ਇਹ ਮਾਮਲਾ ਥਾਣੇ ਪਹੁੰਚਿਆ ਤਾਂ ਸੰਦੀਪ ਕੁਮਾਰ ਨੇ ਤਤਕਾਲੀ ਵਿਧਾਇਕ ਸ਼ੀਤਲ ਅੰਗੁਰਾਲ ਕੋਲ ਵਿਚੋਲਾ ਬਣਨ ਅਤੇ ਮਾਮਲੇ ਨੂੰ ਸੁਲਝਾਉਣ ਲਈ ਉਸ ਦੇ ਪਰਿਵਾਰ ਦੀ ਮਦਦ ਕਰਨ ਲਈ ਪਹੁੰਚ ਕੀਤੀ। ਕੰਗ ਨੇ ਦੱਸਿਆ ਕਿ ਸ਼ੀਤਲ ਅੰਗੁਰਾਲ ਦੇ ਭਰਾ ਰਾਜਨ ਅੰਗੁਰਾਲ ਨੇ ਇਸ ਮਾਮਲੇ ਨੂੰ ਸੁਲਝਾਉਣ ਲਈ ਸੰਦੀਪ ਕੁਮਾਰ ਤੋਂ 5 ਲੱਖ 20 ਹਜ਼ਾਰ ਰੁਪਏ ਲਏ ਸਨ। ਉਨ੍ਹਾਂ ਦੱਸਿਆ ਕਿ ਸੰਦੀਪ ਕੋਲ ਰਾਜਨ ਅੰਗੁਰਾਲ ਦੀ ਪੈਸੇ ਮੰਗਣ ਦੀ ਰਿਕਾਰਡਿੰਗ ਹੈ। ਕੰਗ ਨੇ ਕਿਹਾ ਕਿ ਸ਼ੀਤਲ ਅੰਗੁਰਾਲ ਅਤੇ ਰਾਜਨ ਅੰਗੁਰਾਲ ਨੇ ਆਪਣੇ ਗੈਰ-ਕਾਨੂੰਨੀ ਕੰਮਾਂ ਨੂੰ ਅਲੱਗ-ਅਲੱਗ ਵੰਡਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਸ਼ੀਤਲ ਅੰਗੁਰਾਲ ਦਾ ਸਿਆਸੀ ਪ੍ਰਭਾਵ ਸੀ ਅਤੇ ਰਾਜਨ ਅੰਗੁਰਾਲ ਆਪਣੇ ਭਰਾ ਦੀ ਸ਼ਹਿ 'ਤੇ ਸਾਰੀਆਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦਿੰਦਾ ਸੀ। ਕੰਗ ਨੇ ਕਿਹਾ ਕਿ ਉਨ੍ਹਾਂ ਨੇ ਸੰਦੀਪ ਕੁਮਾਰ ਦੀ ਜਾਣ-ਪਛਾਣ ਅਯੂਬ ਖਾਨ ਨਾਲ ਕਰਵਾਈ ਜੋ ਸ਼ੀਤਲ ਅੰਗੁਰਾਲ ਦਾ ਸੱਜਾ ਹੱਥ ਹੈ ਅਤੇ ਕਿਹਾ ਕਿ ਉਹ ਇਸ ਝਗੜੇ ਨੂੰ ਸੁਲਝਾਉਣ ਲਈ ਥਾਣੇ ਵਿਚ ਉਸ ਦੀ ਮਦਦ ਕਰਨਗੇ। ਕੰਗ ਨੇ ਜਲੰਧਰ ਪੱਛਮੀ ਦੇ ਲੋਕਾਂ ਨੂੰ ਆਗਾਮੀ ਜ਼ਿਮਨੀ ਚੋਣ ਵਿੱਚ ਸਮਝਦਾਰੀ ਨਾਲ ਵੋਟ ਕਰਨ ਦੀ ਅਪੀਲ ਕੀਤੀ।


ਸਭ ਦੀ ਪਹਿਲੀ ਪਸੰਦ
JEWEL OF INDIA
Sweets & Restaurant
ਹਰ ਤਰ੍ਹਾਂ ਦੀਆਂ ਸਵਾਦਿਸ਼ਟ ਇੰਡੀਅਨ ਮਠਿਆਈਆਂ ਤੇ ਲਾਜਵਾਬ ਭੋਜਨ
ਵਿਆਹ - ਸ਼ਾਦੀਆਂ ਲਈ ਸਪੈਸ਼ਲ ਆਡਰ ਅਨੁਸਾਰ
ਤਾਜ਼ੀਆਂ ਮਠਿਆਈਆਂ ਤਿਆਰ ਕਰਵਾ ਸਕਦੇ ਹੋ
OPEN :
MONDAY -SUNDAY - 10:00 AM - 9:00 PM
Pick up or Delivery . Order Online at
www.JEWELOFINDIAINC.com
Veg & Non-Veg (BOTH)
VEG
NON-VEG
Order The Best
Indian Sweets
Sukhraj: (408) 637-1464
Ph: (408) 929-5117 | Fax: (408) 929-3894
Address: 2634 Alum Rock Ave San Jose, CA 95116





RE/MAX®
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 |(209) 505-6384
Address : 119. Maple AVe, Suite A Manteca, CA 95336

# ਲਾਲਜੀਤ ਸਿੰਘ ਭੁੱਲਰ ਵੱਲੋਂ ਜਨਤਕ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਵਾਉਣ ਅਤੇ ਸਰਕਾਰੀ ਇਮਾਰਤਾਂ ਦੀ ਸੁਚੱਜੀ ਸਾਂਭ-ਸੰਭਾਲ ਦੇ ਨਿਰਦੇਸ਼

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਅਧਿਕਾਰੀਆਂ ਨੂੰ ਸੂਬੇ ਦੇ ਵੱਖ-ਵੱਖ ਪਿੰਡਾਂ ਵਿੱਚ ਸਰਕਾਰੀ ਇਮਾਰਤਾਂ ਉਸਾਰਨ ਲਈ ਛੱਡੀਆਂ ਥਾਵਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਦੇ ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਵਿਭਾਗ ਦੇ ਖੇਤਰੀ ਦਫ਼ਤਰਾਂ ਨੂੰ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਦੇ ਸਹਿਯੋਗ ਨਾਲ ਇਨ੍ਹਾਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਤੁਰੰਤ ਮੁਕਤ ਕਰਵਾਉਣ ਅਤੇ ਨਿਯਮਤ ਜਾਂਚ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਅਰਸੇ ਦੌਰਾਨ ਉਨ੍ਹਾਂ ਵੱਲੋਂ ਵੱਖ-ਵੱਖ ਪਿੰਡਾਂ ਦੇ ਦੌਰਿਆਂ ਦੌਰਾਨ ਲੋਕਾਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਪਿੰਡਾਂ ਦੀਆਂ ਫਿਰਨੀਆਂ, ਲਿੰਕ ਸੜਕਾਂ, ਛੱਪੜਾਂ, ਸ਼ਮਸ਼ਾਨਘਾਟਾਂ ਦੇ ਰਸਤਿਆਂ, ਪਿੰਡਾਂ ਵਿੱਚ ਸਕੂਲ, ਡਿਪਸਪੈਂਸਰੀਆਂ, ਪਸ਼ੂ ਡਿਸਪੈਂਸਰੀਆਂ, ਪੰਚਾਇਤ ਘਰਾਂ ਅਤੇ ਹੋਰ ਰਸਤਿਆਂ ਆਦਿ ਦੀ ਉਸਾਰੀ ਲਈ ਛੱਡੀਆਂ ਗਈਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਕੈਬਨਿਟ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਜਿਹੇ ਕਬਜ਼ਿਆਂ ਕਾਰਨ ਇਨ੍ਹਾਂ ਥਾਵਾਂ ਨੂੰ ਲੋਕ ਹਿੱਤ ਲਈ ਵਰਤਣ ਵੇਲੇ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਪਿੰਡਾਂ ਵਿੱਚ ਵਿਭਾਗ ਵੱਲੋਂ ਉਸਾਰੀਆਂ ਹੋਈਆਂ ਵੱਖ-ਵੱਖ ਸਰਕਾਰੀ ਇਮਾਰਤਾਂ ਜਿਵੇਂ ਪੰਚਾਇਤ ਘਰ, ਧਰਮਸ਼ਾਲਾਵਾਂ, ਪਸ਼ੂ ਡਿਸਪੈਂਸਰੀਆਂ ਆਦਿ ਦੀ ਸਹੀ ਢੰਗ ਨਾਲ ਸੰਭਾਲ ਨਹੀਂ ਕੀਤੀ ਜਾ ਰਹੀ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਲੋਕਾਂ ਵੱਲੋਂ ਇਨ੍ਹਾਂ ਸਰਕਾਰੀ ਇਮਾਰਤਾਂ ਵਿੱਚ ਆਪਣੇ ਘਰਾਂ ਦਾ ਗੰਦਾ ਪਾਣੀ ਛੱਡਿਆ ਜਾਂਦਾ ਹੈ ਅਤੇ ਕੂੜਾ-ਕਰਕਟ ਸੁੱਟਿਆ ਜਾਂਦਾ ਹੈ ਜਿਸ ਕਾਰਨ ਇਹ ਇਮਾਰਤਾਂ ਲੋਕਾਂ ਦੇ ਵਰਤਣਯੋਗ ਨਹੀਂ ਰਹਿ ਜਾਂਦੀਆਂ।

ਇਨ੍ਹਾਂ ਮੁੱਦਿਆਂ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਮੰਤਰੀ ਭੁੱਲਰ ਨੇ ਅਧਿਕਾਰੀਆਂ ਨੂੰ ਸਰਕਾਰੀ ਇਮਾਰਤਾਂ ਤੋਂ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਸਖ਼ਤ ਕਦਮ ਚੁੱਕਣ, ਭਵਿੱਖ ਵਿੱਚ ਹੋਣ ਵਾਲੇ ਅਣ-ਅਧਿਕਾਰਤ ਕਬਜ਼ਿਆਂ ਨੂੰ ਰੋਕਣ ਲਈ ਨਿਯਮਤ ਨਿਰੀਖਣ ਕਰਨ ਅਤੇ ਮੌਜੂਦਾ ਸਰਕਾਰੀ ਇਮਾਰਤਾਂ ਦੀ ਸਹੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਜਨਤਕ ਸਹੂਲਤਾਂ ਦੀ ਦੁਰਵਰਤੋਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵੀ ਕਿਹਾ ਤਾਂ ਜੋ ਪੰਜਾਬ ਭਰ ਵਿੱਚ ਲੋਕ ਭਲਾਈ ਅਤੇ ਪਿੰਡਾਂ ਦੇ ਵਿਕਾਸ ਲਈ ਇਨ੍ਹਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

# ਪੰਜਾਬ ਦੀ ਸਿਆਸਤ 'ਚ ਡਿਬਰੂਗੜ੍ਹ ਵਾਲਿਆਂ ਲਿਆਂਦਾ ਭੂਚਾਲ ਅੰਮ੍ਰਿਤਪਾਲ ਸਿੰਘ ਸਾਥੀਆਂ ਨੇ ਕੀਤਾ ਵੱਡਾ ਐਲਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਡਿਬਰੂਗੜ੍ਹ ਜੇਲ੍ਹ 'ਚ ਬੰਦ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆਂਦਾ ਹੈ। ਅੰਮ੍ਰਿਤਪਾਲ ਸਿੰਘ ਦੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਹੁਣ ਉਨ੍ਹਾਂ ਦੇ ਸਾਥੀਆਂ ਨੇ ਵੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਇਸ ਨਾਲ ਰਵਾਇਤੀ ਸਿਆਸੀ ਪਾਰਟੀਆਂ ਅੰਦਰ ਸੰਨਾਟਾ ਛਾ ਗਿਆ ਹੈ ਕਿਉਂਕਿ ਪੰਜਾਬ ਦੇ ਨੌਜਵਾਨਾਂ ਦਾ ਅੰਮ੍ਰਿਤਪਾਲ ਸਿੰਘ ਵੱਲ ਝੁਕਾਅ ਵਧਦਾ ਜਾ ਰਿਹਾ ਹੈ।

ਦਰਅਸਲ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਦੀਆਂ ਧਾਰਾਵਾਂ ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦਲਜੀਤ ਸਿੰਘ ਕਲਸੀ ਤੇ ਕੁਲਵੰਤ ਸਿੰਘ ਰਾਊਕੇ ਨੇ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਇੱਕ ਹੋਰ ਸਾਥੀ ਪ੍ਰਧਾਨ ਮੰਤਰੀ ਬਾਜੇਕੇ ਪਹਿਲਾਂ ਹੀ ਗਿੱਦੜਬਾਹ ਤੋਂ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਫਰੀਦਕੋਟ ਹਲਕੇ ਤੋਂ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਨੇ ਖਾਲਿਸਤਾਨ ਪੱਖੀਆਂ ਲਈ ਨਵੀਂ ਉਮੀਦ ਜਾਗੀ ਹੈ।



ਹਾਸਲ ਜਾਣਕਾਰੀ ਮੁਤਾਬਕ ਅੰਮ੍ਰਿਤਪਾਲ ਸਿੰਘ ਦੇ ਸਾਥੀ ਤੇ ਪੰਜਾਬੀ ਫਿਲਮ ਇੰਡਸਟਰੀ ਨਾਲ ਜੁੜੇ ਦਲਜੀਤ ਸਿੰਘ ਕਲਸੀ ਨੇ ਸੁਖਜਿੰਦਰ ਸਿੰਘ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋਈ ਸੀਟ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਜਦੋਂਕਿ ਕੁਲਵੰਤ ਸਿੰਘ ਰਾਊਕੇ ਸਾਬਕਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋਈ ਬਰਨਾਲਾ ਸੀਟ ਤੋਂ ਚੋਣ ਲੜਨਾ ਚਾਹੁੰਦੇ ਹਨ।

ਯਾਦ ਰਹੇ ਅੰਮ੍ਰਿਤਪਾਲ ਸਿੰਘ ਨੇ ਡਿਬਰੂਗੜ੍ਹ ਜੇਲ੍ਹ ਵਿੱਚ ਰਹਿੰਦਿਆਂ ਖਡੂਰ ਸਾਹਿਬ ਸੀਟ ਤੋਂ ਚੋਣ ਲੜੀ ਤੇ ਵੱਡੇ ਫਰਕ ਨਾਲ ਜਿੱਤੇ। ਉਨ੍ਹਾਂ ਦੀ ਜਿੱਤ ਦਾ ਫਰਕ ਪੰਜਾਬ ਵਿੱਚ ਸਭ ਤੋਂ ਵੱਧ ਰਿਹਾ ਸੀ। ਅੰਮ੍ਰਿਤਪਾਲ ਸਿੰਘ ਦੀ ਜਿੱਤ 1.97 ਲੱਖ ਵੋਟਾਂ ਨਾਲ ਹੋਈ। ਬਿਨਾਂ ਕਿਸੇ ਪਾਰਟੀ ਦੀ ਹਮਾਇਤ ਤੇ ਸਾਰੀਆਂ ਕੌਮੀ ਤੇ ਖੇਤਰੀ ਪਾਰਟੀਆਂ ਨੂੰ ਪਿਛਾੜ ਕੇ ਅੰਮ੍ਰਿਤਪਾਲ ਸਿੰਘ ਪਹਿਲੇ ਸਥਾਨ 'ਤੇ ਰਹੇ। ਇਸ ਜਿੱਤ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਹਮਾਇਤੀਆਂ ਦਾ ਮਨੋਬਲ ਵੀ ਵਧਿਆ ਹੈ। ਇਹੀ ਕਾਰਨ ਹੈ ਕਿ ਹੁਣ ਇੱਕ-ਇੱਕ ਕਰਕੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਪੰਜਾਬ ਵਿਧਾਨ ਸਭਾ ਲਈ ਆਜ਼ਾਦ ਚੋਣ ਲੜਨਾ ਚਾਹੁੰਦੇ ਹਨ।

ਦੱਸ ਦਈਏ ਕਿ ਅੰਮ੍ਰਿਤਪਾਲ ਦੇ ਹੱਕ 'ਚ ਵੀਡੀਓ ਪਾ ਕੇ ਸੂਬਾ ਸਰਕਾਰ 'ਤੇ ਨਿਸ਼ਾਨਾ ਸਾਧਣ ਵਾਲੇ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਨੇ ਪਹਿਲਾਂ ਹੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਗਿੱਦੜਬਾਹਾ ਸੀਟ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਚੁਣੇ ਜਾਣ ਤੋਂ ਬਾਅਦ ਖਾਲੀ ਹੋਈ ਹੈ। ਪ੍ਰਧਾਨ ਮੰਤਰੀ ਬਾਜੇਕੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਅੰਮ੍ਰਿਤਪਾਲ ਦੀ ਜਿੱਤ ਤੋਂ ਬਾਅਦ ਵਿਧਾਨ ਸਭਾ ਉਪ ਚੋਣ ਲੜਨ ਦਾ ਐਲਾਨ ਕੀਤਾ ਸੀ।







SAN MARCO TEEYAN BAY POINT
PROUDLY PRESENTS ( NONPROFIT)
7TH ANNUAL WOMENS FESTIWAL
FETURING : GIDHA, DANCE, SKITS, SONGS, LIVE DJ AND MUCH MORE
San marco Teeyan
SINGER
JASPINDER RAINA
HOST
JOT RANJIT
ON SUNDAY JULY 14TH 2024
@MEHRAN BANQUET HALL 12 PM TO 6 PM
3841 RAILROAD AVE, PITTSBURG, CA 94565
REFFEL DRAWING FOR GOLD ITEM
AND MORE PRIZES
PHOTO & VIDEOGRAPHY BY
PAL FILMS
Free Entry
Free Parking
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-465-3414

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

**2955 N. Wilson Way Stockton , CA 95205**



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

## ਪੁਸਤਕ ਰੀਵਿਊ

# ਨਾਰੀ-ਮਨ ਦੇ ਸੱਚੇ-ਸੁੱਚੇ ਜਜ਼ਬੇ




ਨੀਲਮ ਪਾਰੀਕ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਕਹਾਂ ਹੈ ਮੇਰਾ ਆਕਾਸ਼' ਰਾਹੀਂ ਹਿੰਦੀ ਕਾਵਿ-ਜਗਤ ਵਿੱਚ ਪਹਿਲਾਂ ਹੀ ਖ਼ੂਬ ਚਰਚਿਤ ਹੋ ਚੁੱਕੀ ਹੈ। ਸਿਰਸਾ (ਹਰਿਆਣਾ) ਵਿੱਚ ਜਨਮੀ ਨੀਲਮ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਅੰਗਰੇਜ਼ੀ ਵਿੱਚ ਪੀਜੀ ਕਰਨ ਪਿੱਛੋਂ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ ਬੀਕਾਨੇਰ ਤੋਂ ਬੀਐੱਡ, ਰਾਜਸਥਾਨੀ ਸਾਹਿਤ ਵਿੱਚ ਪੀਜੀ ਅਤੇ ਪੱਤਰਕਾਰੀ ਵਿੱਚ ਯੂਜੀ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਮੌਜੂਦਾ ਸਮੇਂ ਕੇਸਰਦੇਸਰ ਜਾਟਾਨ, ਬੀਕਾਨੇਰ ਵਿੱਚ ਅੰਗਰੇਜ਼ੀ ਅਧਿਆਪਕਾ ਵਜੋਂ ਕਾਰਜਸ਼ੀਲ ਹੈ। ਹਿੰਦੀ ਅਤੇ ਰਾਜਸਥਾਨੀ ਭਾਸ਼ਾ ਵਿੱਚ ਕਵਿਤਾਵਾਂ ਅਤੇ ਕਹਾਣੀਆਂ ਲਿਖਣ ਦੇ ਨਾਲ-ਨਾਲ ਉਹਨੇ ਕੁਝ ਹਿੰਦੀ ਮਿੰਨੀ ਕਹਾਣੀਆਂ ਅਤੇ ਬਾਲ-ਸਾਹਿਤ ਤੇ ਵੀ ਕੰਮ ਕੀਤਾ ਹੈ।

ਰੀਵਿਊ ਅਧੀਨ ਹਿੰਦੀ ਕਾਵਿ-ਕਿਤਾਬ (ਮਨ ਚਰਖੇ ਪਰ ; ਪੁਸਤਕ ਮੰਦਰ, ਰਾਜੀਵ ਗਾਂਧੀ ਮਾਰਗ, ਸਟੇਸ਼ਨ ਰੋਡ, ਬੀਕਾਨੇਰ, ਰਾਜਸਥਾਨ ; ਪੰਨੇ 96 ; ਮੁੱਲ 250/-) ਨੂੰ ਕਵਿੱਤਰੀ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ- ਵਸੰਤ, ਹੇਮੰਤ ਅਤੇ ਗ੍ਰੀਸ਼ਮ (ਯਾਨੀ ਬਸੰਤ, ਸਰਦੀ ਅਤੇ ਗਰਮੀ)। ਇਸ ਵਿੱਚ ਕੁੱਲ 58 ਕਵਿਤਾਵਾਂ ਹਨ। ਸਭ ਤੋਂ ਜ਼ਿਆਦਾ ਕਵਿਤਾਵਾਂ ਬਸੰਤ ਭਾਗ ਦੀਆਂ ਹਨ (31), ਫਿਰ ਗਰਮੀ ਭਾਗ (14) ਅਤੇ ਸਭ ਤੋਂ ਘੱਟ ਸਰਦੀ ਭਾਗ (13)। ਬਸੰਤ ਭਾਗ ਵਿੱਚ ਪ੍ਰੇਮ-ਕਵਿਤਾਵਾਂ ਹਨ, ਸਰਦੀ ਭਾਗ ਵਿੱਚ ਜੀਵਨ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਅਤੇ ਗਰਮੀ ਭਾਗ ਵਿੱਚ ਨਾਰੀ-ਮਨ ਨੂੰ ਕਲਮਬੱਧ ਕੀਤਾ ਗਿਆ ਹੈ।

ਭਾਵਾਂ/ਭਾਵਨਾਵਾਂ ਦੀ ਅਭਿਵਿਅਕਤੀ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਕਵਿਤਾ ਹੈ। ਕੋਮਲ ਅਹਿਸਾਸਾਂ ਨੂੰ ਚੰਗੀ ਤਰ੍ਹਾਂ ਕਵਿਤਾ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ। ਜਦੋਂ ਜਦੋਂ ਵੀ ਵਿਅਕਤੀ ਵਿਸ਼ੇਸ਼ ਦੇ ਮਨ ਵਿੱਚ ਜਜ਼ਬਿਆਂ, ਵਲਵਲਿਆਂ ਦੇ ਬੱਦਲ ਉਮਡਦੇ ਹਨ, ਤਾਂ ਉਹ ਕਾਵਿ ਉਡਾਰੀਆਂ ਰਾਹੀਂ ਇਨ੍ਹਾਂ ਨੂੰ ਸਾਂਭ ਲੈਂਦਾ ਹੈ। ਮਰਦ ਅਤੇ ਔਰਤ ਵੱਖੋ-ਵੱਖਰੇ ਭਾਵ-ਜਗਤ ਨਾਲ ਸੰਬੰਧਿਤ ਹਨ। ਜਿੱਥੇ ਮਰਦ ਨੂੰ ਭਾਰੀ-ਭਰਕਮ ਕੰਮਾਂ ਲਈ ਜਾਣਿਆ ਜਾਂਦਾ ਹੈ, ਉੱਥੇ ਔਰਤ ਹਮਦਰਦੀ, ਸਹਿਨਸ਼ੀਲਤਾ ਦਾ ਦੂਜਾ ਨਾਂ ਹੈ।

ਨੀਲਮ ਦੀ ਇਸ ਕਿਤਾਬ ਦੇ ਨਾਂ ਮੁਤਾਬਕ ਇਸ ਵਿੱਚ ਮਨ ਨਾਲ ਸੰਬੰਧਿਤ ਚਾਰ ਕਵਿਤਾਵਾਂ ਹਨ- ਮਨ ਚਰਖ਼ੇ ਪਰ, ਮਨ ਮਲੰਗ, ਮਨ ਹਿਰਣ (ਵਸੰਤ ਭਾਗ) ਅਤੇ ਔਰਤ ਦਾ ਮਨ (ਗ੍ਰੀਸ਼ਮ ਭਾਗ)। ਪਹਿਲਾ ਭਾਗ ਕਿਉਂਕਿ ਪ੍ਰੇਮ-ਕਵਿਤਾਵਾਂ ਵਾਲਾ ਹੈ, ਇਸ ਕਰਕੇ ਇਸ ਵਿੱਚ ਚਾਰ ਕਵਿਤਾਵਾਂ ਪ੍ਰੇਮ ਦੇ ਰੰਗ ਵਾਲੀਆਂ ਵੀ ਹਨ- ਪਾਤੀ ਪ੍ਰੇਮ ਭਰੀ, ਪ੍ਰੇਮ, ਪ੍ਰੇਮ, ਪ੍ਰੇਮ-ਰੰਗ। ਮਾਂ/ ਔਰਤ ਬਾਰੇ ਵੀ 6 ਕਵਿਤਾਵਾਂ ਇਸ ਸੰਗ੍ਰਹਿ ਵਿੱਚ ਸ਼ਾਮਲ ਹਨ- ਮਾਂ, ਮਾਂ -2, ਸਤ੍ਰੀ, ਪਚਾਸ ਸਾਲ ਕੀ ਔਰਤੇਂ, ਔਰਤ ਕਾ ਮਨ, ਹੇ ਸਤ੍ਰੀ।

ਨੀਲਮ ਖ਼ੁਦ ਇੱਕ ਨਾਰੀ ਹੈ ਤੇ ਨਾਰੀ-ਮਨ ਦੀਆਂ ਬਹੁਪਰਤੀ ਤੰਦਾਂ ਨੂੰ ਜਾਣਦੀ ਹੈ। ਉਹਨੇ ਨਾਰੀ ਦੀਆਂ ਬਹੁਤ ਸਾਰੀਆਂ ਤਹਿਆਂ ਨੂੰ ਫਰੋਲਿਆ ਹੈ- ਦੁਖ, ਸੁਖ, ਪੀੜ, ਅਕਾਂਖਿਆ, ਬਿਪਤਾ ਆਦਿ। ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢਾਪੇ ਤੱਕ ਬਹੁਤ ਸਾਰੇ ਮਰਹਲੇ ਆਉਂਦੇ ਹਨ ਅਤੇ ਔਰਤ ਇਨ੍ਹਾਂ ਸਾਰੇ ਮਰਹਲਿਆਂ ਨੂੰ ਬਿਨਾਂ ਕਿੰਤੂ, ਪਰੰਤੂ ਕੀਤਿਆਂ ਸਹਿਜਤਾ ਨਾਲ ਪਾਰ ਕਰ ਲੈਂਦੀ ਹੈ। ਧੀ ਦੇ ਵਿਆਹ ਦੀ ਚਿੰਤਾ, ਦਾਜ-ਦਹੇਜ ਦਾ ਫਿਕਰ, ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਨੂੰ ਲਾਡ ਲਡਾਉਂਦੀਆਂ, ਵਰਤਾਂ-ਫਾਕਿਆਂ ਵਿੱਚ ਜਿਉਂਦੀਆਂ ਔਰਤਾਂ ਆਪਣੀ ਪੀੜ ਨੂੰ ਕਿਵੇਂ ਜਰਦੀਆਂ ਹਨ, ਆਪਣੀ ਬੀਮਾਰੀ ਦਾ ਫਿਕਰ ਛੱਡ ਕੇ ਦੂਜਿਆਂ ਲਈ ਕਿਵੇਂ ਹੱਸਦੀਆਂ ਹਨ- ਇਸ ਸਭ ਕਾਸੇ ਦਾ ਵਰਣਨ 'ਪਚਾਸ ਸਾਲ ਕੀ ਔਰਤੇਂ' (79-80) ਕਵਿਤਾ ਵਿੱਚ ਬਾਖ਼ੂਬੀ ਕੀਤਾ ਗਿਆ ਹੈ।

ਸੰਗ੍ਰਹਿ ਦੇ ਆਖਰੀ ਭਾਗ ਦੀਆਂ ਕੁਝ ਕਵਿਤਾਵਾਂ ਚੁਣੌਤੀ ਪੂਰਨ/ਵੰਗਾਰ ਭਰੀਆਂ ਹਨ। ਮਨੁੱਖ ਨੂੰ ਇਨਸਾਨ ਬਣਨ ਦੀ ਜਾਚ ਸਿਖਾਉਂਦੀ ਕਵਿਤਾ 'ਹੇ ਮਾਨਵ' (87-88) ਵਿੱਚ ਕਵਿੱਤਰੀ ਨੇ ਆਦਮੀ ਨੂੰ ਹੰਕਾਰ ਛੱਡਣ ਦੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਤਾਂ ਸੋਚੇ ! ਆਪਣੇ ਅਹੰ ਵਿੱਚ ਡੁੱਬ ਕੇ ਮਨੁੱਖ ਨੂੰ ਵਾਤਾਵਰਣਿਕ ਵਿਗਾੜ, ਪ੍ਰਦੂਸ਼ਣ ਨੂੰ ਹੋਰ ਵਧਾਉਣਾ ਸ਼ੋਭਾ ਨਹੀਂ ਦਿੰਦਾ।

ਅਖ਼ਬਾਰਾਂ ਵਿੱਚ ਛਪਦੀਆਂ ਭਰੂਣ ਹੱਤਿਆ, ਬਲਾਤਕਾਰ, ਆਤੰਕਵਾਦ ਆਦਿ ਖ਼ਬਰਾਂ ਨੂੰ ਪੜ੍ਹ ਕੇ ਔਰਤ ਦਾ ਕੋਮਲ ਹਿਰਦਾ ਵਿਚਲਿਤ ਹੋ ਉਠਦਾ ਹੈ ਤੇ ਸੁਪਨੇ ਵਿੱਚ ਵੀ ਉਹ ਇਸ ਖ਼ੌਫ਼ਨਾਕ ਮੰਜ਼ਿਰ ਨੂੰ ਯਾਦ ਕਰਕੇ ਤ੍ਰਾਹ-ਤ੍ਰਾਹ ਕਰ ਉਠਦੀ ਹੈ। ਕਵਿੱਤਰੀ ਨੇ ਔਰਤ ਦੀ ਸਹਿਨਸ਼ੀਲਤਾ ਦਾ ਬਿਰਤਾਂਤ ਸਿਰਜਦਿਆਂ ਕਿੰਨਾ ਸੱਚ ਕਿਹਾ ਹੈ ਕਿ ਉਹ ਰੋਟੀ ਪਕਾਉਂਦਿਆਂ ਵਾਸ਼ਿੰਗ ਮਸ਼ੀਨ 'ਚ ਕੱਪੜੇ ਵੀ ਧੋਂਦੀ ਹੈ; ਰੋਟੀ ਖਾਂਦਿਆਂ ਸੱਸ-ਸਹੁਰੇ ਦੀ ਦਵਾਈ ਤੇ ਦੁੱਧ ਜੂਸ ਨੂੰ ਵੀ ਯਾਦ ਰੱਖਦੀ ਹੈ; ਬੱਚਿਆਂ ਨੂੰ ਹੋਮ-ਵਰਕ ਕਰਾਉਂਦਿਆਂ ਧੋਤੇ ਹੋਏ ਸੁੱਕੇ ਕੱਪੜੇ ਵੀ ਲਾਹ ਲੈਂਦੀ ਹੈ; ਭਾਂਡੇ ਮਾਂਜਦਿਆਂ/ਸੌਣ ਤੋਂ ਪਹਿਲਾਂ ਅਗਲੇ ਦਿਨ ਬਣਾਉਣ ਵਾਲੀ ਸਬਜ਼ੀ ਦਾ ਪ੍ਰਬੰਧ ਵੀ ਕਰਦੀ ਹੈ,ਦਫ਼ਤਰ ਵਿੱਚ ਡਿਉਟੀ ਨਿਭਾਉਂਦਿਆਂ ਬਿਜਲੀ-ਪਾਣਿ-ਮੋਬਾਈਲ ਦੇ ਬਿਲ ਭਰਨੇ ਯਾਦ ਰੱਖਦੀ ਹੈ ਤੇ ਸਭ ਤੋਂ ਵੱਧ ਸਹੁਰੇ-ਪਰਿਵਾਰ ਵੱਲੋਂ ਪੇਕਿਆਂ ਨੂੰ ਦਿੱਤੇ ਤਾਅਨੇ-ਮਿਹਣੇ ਸਹਾਰਦੀ ਹੈ। ਇਹ ਔਰਤ ਹੀ ਹੁੰਦੀ ਹੈ ਜੀਹਦੇ ਕਰਕੇ ਸਾਰੇ ਰਿਸ਼ਤੇ ਇੱਕ ਧਾਗੇ ਵਿੱਚ ਬੱਝੇ ਰਹਿੰਦੇ ਹਨ, ਘਰ ਜੁੜਿਆ ਰਹਿੰਦਾ ਹੈ :

ਕਿਉਂਕਿ ਜਾਨਤੀ ਹੈ ਵੋ
ਕਯਾ ਯਾਦ ਰਖਨਾ ਹੈ ਯਾਦ ਰਖਕਰ
ਔਰ ਕਯਾ ਭੂਲ ਜਾਨਾ ਹੈ
ਯਾਦ ਰਖਕਰ ਭੀ
ਜਬਕਿ ਸਚ ਤੋ ਯੇ ਹੈ ਕਿ
ਸਤ੍ਰੀ ਕੁਛ ਨਹੀਂ ਭੂਲਤੀ
ਕੁਛ ਭੀ ਨਹੀਂ... (76)

ਮਾਂ ਕੇ ਪਾਸ ਕਹਾਂ ਥਾ ਵਕਤ
ਸਿਖਾਨੇ ਕਾ, ਸਮਝਾਨੇ ਕਾ
ਬੈਠਾਕਰ ਗੋਦ ਮੇਂ ਅਪਨੀ,
ਫਿਰ ਭੀ ਸਿਖਾ ਦਿਆ,
ਹਰ ਹਾਲ ਮੇਂ ਜੀਨਾ,
ਹਰ ਪਲ ਕੋ ਜੀਨਾ,
ਅਪਨੇ ਲਿਏ,
ਅਪਨੋਂ ਕੇ ਲਿਏ। (59)

ਸੰਗ੍ਰਹਿ ਵਿੱਚ ਬਾਲਪਨ ਦੀਆਂ ਪਿਆਰੀਆਂ-ਮਿੱਠੀਆਂ ਯਾਦਾਂ (ਆ ਲੌਟ ਚਲੇਂ), ਮਾਂ ਦੇ ਆਂਚਲ ਦਾ ਵਰਣਨ (ਜਾਦੂ), ਪਿਤਾ ਤੋਂ ਦੂਰ ਹੋਣ ਦਾ ਅਹਿਸਾਸ (ਸ਼ਤਰੰਜ) ਆਦਿ ਨੂੰ ਵਿਸ਼ੇਸ਼ ਤੌਰ ਤੇ ਰੇਖਾਂਕਿਤ ਕੀਤਾ ਗਿਆ ਹੈ।

ਅਸਲ ਵਿੱਚ ਸੰਗ੍ਰਹਿ ਦੀਆਂ ਸਾਰੀਆਂ ਹੀ ਕਵਿਤਾਵਾਂ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸੰਜੋਈ ਬੈਠੀਆਂ ਹਨ। ਰਿਸ਼ਤਿਆਂ ਦੇ ਇੰਦਰ-ਧਨੁਸ਼ੀ ਰੰਗਾਂ ਨਾਲ ਲਬਰੇਜ਼ ਇਹ ਕਵਿਤਾਵਾਂ ਨਾਰੀ-ਮਨ ਵਿੱਚ ਕਿਤੇ ਧੁੰਦਲੇ ਜਿਹੇ ਆਕਾਰ ਤੋਂ ਸਾਕਾਰ ਹੁੰਦੀਆਂ ਹਨ ਤੇ ਫਿਰ ਬਣਦੀ ਹੈ ਨਿਰਮਲ ਤੇ ਨਿਰਛਲ ਕਵਿਤਾ- ਬਿਨਾਂ ਕਿਸੇ ਉਚੇਚ ਤੋਂ, ਬਿਨਾਂ ਮਸਨੂਈ ਆਭਾ ਤੋਂ। ਰਾਜਸਥਾਨੀ ਸਾਹਿਤ ਅਕਾਦਮੀ, ਉਦੈਪੁਰ ਦੇ ਆਰਥਕ ਸਹਿਯੋਗ ਨਾਲ ਪ੍ਰਕਾਸ਼ਿਤ ਹੋਈ ਇਹ ਕਾਵਿ-ਕਿਤਾਬ ਨਾਰੀ-ਮਨ ਦੇ ਅਣਦਿੱਸਦੇ/ਅਣਜਾਣੇ ਰਾਹਾਂ ਦੀ ਥਾਹ ਪਾਉਂਦੀ ਹੈ। ਜੀਵਨ ਦੀ ਭੱਜ-ਦੌੜ, ਮਹਾਂਨਗਰੀ ਸੰਸਕ੍ਰਿਤੀ, ਜ਼ਿੰਦਗੀ ਦੇ ਵਿਵਿਧਮੁਖੀ ਰੰਗਾਂ ਨੂੰ ਚਿਤਰਦੀ ਨੀਲਮ ਦੀ ਇਸ ਪੁਸਤਕ ਨੂੰ ਸਰਲ, ਸੌਖੇ ਸ਼ਬਦਾਂ ਵਿੱਚ ਅਹਿਸਾਸਾਂ ਦੀ ਕੋਮਲਤਾ ਨਾਲ ਪ੍ਰਸਤੁਤ ਕੀਤਾ ਗਿਆ ਹੈ।







E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
PT30
$20 MONTHLY
SUBSCRIPTION
CRITICAL ENGINE DATA
Tracking
Tire Pressure
Diagnostics
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727

# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave
Pittsburgh, CA 94565**




ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ

**ਮਹਾਨ ਸੰਤ ਅਤੇ ਕਵੀ ਭਗਤ ਕਬੀਰ ਜੀ ਦੇ ਆਗਮਨ ਪੁਰਬ ਸੰਬੰਧੀ**

ਸਰਬੱਤ ਦੇ ਭਲੇ ਲਈ

**ਸ੍ਰੀ ਅਖੰਡ ਪਾਠ ਸਾਹਿਬ ਅਤੇ ਕਥਾ -ਕੀਰਤਨ**

09,10 ਅਤੇ 11 ਅਗਸਤ ਦਿਨ ਸ਼ੁੱਕਰ, ਸ਼ਨੀ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

ਸੰਗਤ ਤੇ ਸੇਵਾਦਾਰਾਂ ਦੇ ਪਰਿਵਾਰਾਂ ਵੱਲੋਂ ਸੇਵਾ

09 ਅਗਸਤ, 2024
(ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ)

11 ਅਗਸਤ, 2024
(ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ)

ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੀ ਕੀਰਤਨ ਦੀਵਾਨ ਸੱਜਣਗੇ ਤੇ ਸੰਗਤਾਂ ਨੂੰ ਮਹਾਨ ਕੀਰਤਨੀਆਂ ਤੇ ਰਾਗੀਆਂ ਵੱਲੋਂ ਨਿਹਾਲ ਕੀਤਾ ਜਾਵੇਗਾ ।

**ਸੇਵਾਦਾਰ ਪਰਿਵਾਰਾਂ ਵੱਲੋਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ |**

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਹੁੰਚੋ ਤੇ ਆਪਣੀਆਂ ਹਾਜ਼ਰੀਆਂ ਲਗਵਾਓ ਜੀ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੌਰਾਨ ਲੰਗਰ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਤੇ ਅਸ਼ੀਰਵਾਦ ਪ੍ਰਾਪਤ ਕਰੋ ਜੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਰਮੇਸ਼ ਸੁਮਨ : (925) 366 3618 | ਦਿਲਬਾਗ਼ ਸਿੰਘ (209) 834 4641 | ਵਿਨੋਦ ਕੁਮਾਰ : +1 (408) 718-2506

**SRI GURU RAVIDASS TEMPLE: 2150 CRESTVIEW DRIVE, PITTSBURG, CA 94565**



ਸਾਂਝੀ ਸੋਚ
ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

# ਸਫ਼ਰ ਜੋ ਯਾਦ ਰਹੂ

ਜ਼ਿੰਦਗੀ ਇਕ ਸਫ਼ਰ ਹੈ ਸੁਹਾਣਾ, ਯਹਾਂ ਕੱਲ੍ਹ ਕਿਆ ਹੋਗਾ ਕਿਸਨੇ ਜਾਨਾ, ਇਹ ਬੋਲ ਕਿਸ਼ੋਰ ਕੁਮਾਰ ਦੁਆਰਾ ਗਾਏ, 1971 ਵਿੱਚ ਰਿਲੀਜ਼ ਹੋਈ ਹਿੰਦੀ ਫ਼ਿਲਮ ਅੰਦਾਜ਼ ਦੇ ਜ਼ੋ ਰਾਜੇਸ਼ ਖੰਨਾ ਅਤੇ ਹੇਮਾ ਮਾਲਿਨੀ ਤੇ ਫ਼ਿਲਮਾਏ ਗਏ ਹਨ। ਜ਼ਿੰਦਗੀ ਦੇ ਸਫ਼ਰ ਵਿੱਚ ਕਦੋਂ ਵੀ , ਕਿਤੇ ਵੀ ਅਤੇ ਕੁਝ ਵੀ ਹੋ ਸਕਦਾ ਹੈ। ਅਜਿਹਾ ਹੀ ਮੇਰੇ ਨਾਲ ਦੋ ਸਾਲ ਪਹਿਲਾਂ ਵਾਪਰਿਆ ਜਿਸ ਦੀ ਉਮੀਦ ਨਹੀਂ ਸੀ।

ਦਫ਼ਤਰੀ ਕੰਮ ਸੰਬੰਧੀ ਜਲੰਧਰ ਜਾਣਾ ਪਿਆ। ਜਲ਼ੰਧਰ ਪਹੁੰਚ ਕੇ ਜਲਦੀ ਹੀ ਕੰਮ ਖ਼ਤਮ ਕਰਕੇ ਦੁਬਾਰਾ ਫ਼ਿਰ ਮੈਂ ਬੱਸ ਅੱਡੇ ਵਿੱਚ ਪਿੰਡ ਆਉਣ ਲਈ ਬੱਸ ਦੀ ਭਾਲ ਕਰਨ ਲੱਗਿਆ।ਬੱਸ ਅੱਡੇ ਵਿੱਚ ਕਡੰਕਟਰਾਂ ਅਤੇ ਉਹਨਾਂ ਦੁਬਾਰਾ ਅੱਗੇ ਰੱਖੇ ਮੁੰਡਿਆਂ ਵੱਲੋਂ ਵਾਜਾਂ ਵੱਜ ਰਹੀਆਂ ਸਨ।ਪੁੱਛਦੇ ਪੁਛਾਉਂਦੇ ਮੈਂ ਬਠਿੰਡੇ ਆਉਣ ਵਾਲੀ ਬੱਸ ਕੋਲ਼ ਪਹੁੰਚਿਆ।ਇੱਕ ਚੌਂਤੀ ਪੈਂਤੀ ਸਾਲ ਦੇ ਵਿਅਕਤੀ ਨੇ ਮੈਨੂੰ ਇਸ਼ਾਰਾ ਕਰਦੇ ਹੋਏ ਕੋਲ਼ ਖੜ੍ਹੀ ਬੱਸ ਵਿੱਚ ਬੈਠਣ ਲਈ ਕਿਹਾ। ਮੈਂ ਬੱਸ ਵਿੱਚ ਚੜ੍ਹਿਆ ਤਾਂ ਬੱਸ ਏ. ਸੀ. ਸੀ। ਮੈਂ ਚੁੱਪ ਕਰਕੇ ਬੈਠ ਗਿਆ।ਕਡੰਕਟਰ ਟਿਕਟਾਂ ਕੱਟਦਾ ਹੋਇਆ ਮੇਰੇ ਵੱਲ ਆਇਆ, ਮੈਂ ਬਠਿੰਡੇ ਦੇ ਪੈਸੇ ਪੁੱਛੇ ਤਾਂ ਉਹ ਕਹਿੰਦਾ ਤਿੰਨ ਸੌ ਵੀਹ ਰੁਪਏ, ਮੈਂ ਕਿਹਾ ਮੇਰਾ ਤਾਂ ਸਵੇਰੇ ਦੋ ਸੌ ਪਞੰਤਰ ਰੁਪਏ ਕਿਰਾਇਆ ਲੱਗਿਆ ਹੈ। ਕਡੰਕਟਰ ਕਹਿੰਦਾ ਬੱਸ ਏ ਸੀ ਹੈ ਕਿਰਾਇਆ ਤਾਂ ਜ਼ਿਆਦਾ ਹੋਵੇਗਾ। ਮੈਂ ਕਿਹਾ ਮੈਂ ਤਾਂ ਦੋ ਸੌ ਪਞੰਤਰ ਦੇਵਾਂਗਾ ਨਹੀਂ ਤਾਂ ਮੈਂ ਬੱਸ ਵਿੱਚੋਂ ਉਤਰਦਾ ਹਾਂ, ਕਡੰਕਟਰ ਬੋਲਿਆ ਚੁੱਪ ਕਰਕੇ ਬੈਠ ਜਾ ਅੱਗੇ ਦੇਖਦੇ ਹਾਂ। ਉਸਨੇ ਦੋ ਸੌ ਪਞੰਤਰ ਰੁਪਏ ਲੈ ਕੇ ਮੇਰੀ ਟਿਕਟ ਕੱਟ ਦਿੱਤੀ ਪਰ ਮੈਂ ਟਿਕਟ ਖੋਲ੍ਹ ਕੇ ਨਾ ਦੇਖੀ। ਉਸਨੇ ਮੇਰੀ ਟਿਕਟ ਪਿੱਛੇ ਦੋ ਲਾਈਨਾਂ ਮਾਰ ਦਿੱਤੀਆਂ। ਮੈਂ ਆਰਾਮ ਨਾਲ ਬੈਠ ਕੇ ਏ .ਸੀ ਬੱਸ ਦੇ ਸਫ਼ਰ ਦਾ ਆਨੰਦ ਮਾਣਨ ਲੱਗਿਆ। ਜਦੋਂ ਬੱਸ ਲੁਧਿਆਣਾ ਪਹੁੰਚੀ ਤਾਂ ਮੈਨੂੰ ਕਡੰਕਟਰ ਨੇ ਬੱਸ ਵਿੱਚੋਂ ਉਤਾਰਦਿਆਂ ਕਹਿਣ ਲੱਗਿਆ ਕਿ ਸਾਨੂੰ ਲੁਧਿਆਣੇ ਸਮਾਂ ਲੱਗੇਗਾ, ਅਸੀਂ ਰੋਟੀ ਖਾ ਕੇ ਚੱਲਾਂਗੇ। ਤੈਨੂੰ ਹੋਰ ਬੱਸ ਵਿੱਚ ਚੜਾਉਂਦੇ ਹਾਂ ਉਹ ਸਾਡੇ ਨਾਲੋਂ ਪਹਿਲਾਂ ਪਹੁੰਚੇਗੀ।ਮੈਂ ਚੁੱਪ ਚਾਪ ਉੱਤਰ ਗਿਆ। ਕਡੰਕਟਰ ਨੇ ਲੁਧਿਆਣਾ ਬੱਸ ਅੱਡੇ ਦੇ ਬਾਹਰ ਖੜ੍ਹੇ ਇੱਕ ਦੀਪੇ ਨਾਂ ਦੇ ਬੰਦੇ ਨੂੰ ਡੇਢ਼ ਸੌ ਰੁਪਏ ਦੇ ਕੇ ਬੋਲਿਆ ਕਿ ਇਸਨੂੰ ਬਠਿੰਡੇ ਵਾਲ਼ੀ ਬੱਸ ਚੜ੍ਹਾ ਦੇਵੀਂ। ਮੈਂ ਅੱਡੇ ਦੇ ਬਾਹਰ ਬੱਸ ਦੀ ਉਡੀਕ ਕਰਨ ਲੱਗਿਆ।ਮੇਰੀ ਨਜ਼ਰ ਦੀਪੇ ਵੱਲ ਹੀ ਸੀ ਕਿ ਕਦੇ ਉਹ ਮੇਰੇ ਡੇਢ਼ ਸੌ ਰੁਪਏ ਲੈ ਕੇ ਰਫ਼ੂ ਚੱਕਰ ਹੀ ਨਾ ਹੋ ਜਾਵੇ।ਅਚਾਨਕ ਦੀਪੇ ਨੇ ਮੈਨੂੰ ਆਵਾਜ਼ ਮਾਰੀ ਕਿ ਆਜਾ ਤੇਰੀ ਬੱਸ ਆ ਗਈ। ਮੈਂ ਬੱਸ ਵਿੱਚ ਚੜ੍ਹਿਆ ਤਾਂ ਬੱਸ ਵਿੱਚ ਏ ਸੀ ਨਹੀਂ ਸੀ। ਮੈਂ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਸੀ ਪ੍ਰੰਤੂ ਮੇਰੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਬੱਸ ਵਿੱਚ ਬਾਰੀ ਕੋਲ ਹੀ ਸਾਹਮਣੇ ਵਾਲੀ ਸੀਟ ਤੇ ਬੈਠ ਗਿਆ। ਦੀਪਾ ਵੀ ਮੇਰੇ ਨਾਲ ਬੱਸ ਵਿੱਚ ਚੜ੍ਹ ਗਿਆ।ਕਡੰਕਟਰ ਨੇ ਜਦੋਂ ਟਿਕਟ ਮੰਗੀ ਤਾਂ ਮੈਂ ਦੀਪੇ ਵੱਲ ਇਸ਼ਾਰਾ ਕਰ ਦਿੱਤਾ। ਕਡੰਕਟਰ ਟਿਕਟਾਂ ਕੱਟਦਾ ਅੱਗੇ ਚਲਾ ਗਿਆ ਪ੍ਰੰਤੂ ਮੈਨੂੰ ਟਿਕਟ ਨਹੀਂ ਦਿੱਤੀ। ਅਜਿਹਾ ਸਫ਼ਰ ਮੈਂ ਪਹਿਲਾਂ ਕਦੇ ਨਹੀਂ ਸੀ ਕੀਤਾ। ਮੈਂ ਸੋਚ ਰਿਹਾ ਸੀ ਕਿ ਜ਼ੇਕਰ ਚੈੱਕਰ ਆ ਗਿਆ ਤਾਂ ਕੀ ਜਵਾਬ ਦੇਵਾਂਗਾ। ਮੈਂ ਡਰ ਦਾ ਸਹਿਮਿਆ ਚੁੱਪ ਚਾਪ ਬੈਠਾ ਰਿਹਾ।ਬੱਸ ਆਪਣੇ ਰਾਹ ਚਲਦੀ ਜਾ ਰਹੀ ਸੀ।

ਬਰਨਾਲੇ ਆ ਕੇ ਸਾਨੂੰ ਬਠਿੰਡੇ ਦੀਆਂ ਸਵਾਰੀਆਂ ਨੂੰ ਫ਼ਿਰ ਉਤਾਰਿਆ ਗਿਆ ਕਿਉਂਕਿ ਇਹ ਬੱਸ ਸਰਦੂਲਗੜ੍ਹ ਜਾ ਰਹੀ ਸੀ। ਅਸੀਂ ਫਿਰ ਬਠਿੰਡੇ ਵਾਲ਼ੀ ਬੱਸ ਵਿੱਚ ਬੈਠ ਗਏ,ਇਹ ਬੱਸ ਏ. ਸੀ ਸੀ।ਫਿਰ ਸਾਂਹ ਵਿੱਚ ਸਾਂਹ ਆਇਆ। ਕਡੰਕਟਰ ਟਿਕਟਾਂ ਕੱਟਦਾ ਮੇਰੇ ਕੋਲ਼ ਆਇਆ ਪਰ ਟਿਕਟ ਨਹੀਂ ਮੰਗੀ।ਇਹ ਮੇਰੀ ਜਲ਼ੰਧਰ ਤੋਂ ਬਠਿੰਡੇ ਦੀ ਤੀਜੀ ਬੱਸ ਸੀ। ਮੈਂ ਜਲੰਧਰ ਤੋਂ ਬਠਿੰਡੇ ਨੂੰ ਸਿੱਧੀ ਬੱਸ ਸੋਚ ਕੇ ਚੜਿਆ ਸੀ ਪ੍ਰੰਤੂ ਇਹ ਨਹੀਂ ਸੋਚਿਆ ਸੀ ਕਿ ਤਿੰਨ ਬੱਸਾਂ ਬਦਲਣੀਆਂ ਪੈਣਗੀਆਂ। ਸੋਚਾਂ ਦੇ ਦਾਇਰੇ ਵਿੱਚੋਂ ਨਿਕਲਦੇ ਦੇਖਿਆ ਕਿ ਬੱਸ ਬਠਿੰਡੇ ਸ਼ਹਿਰ ਵਿੱਚ ਦਾਖ਼ਿਲ ਹੋ ਚੁੱਕੀ ਸੀ,ਮਨ ਨੂੰ ਖੁਸ਼ੀ ਅਤੇ ਦਿਲ ਨੂੰ ਹੌਸਲਾ ਮਿਲਿਆ,ਚਲੋ ਘਰ ਦੇ ਨੇੜੇ ਪਹੁੰਚੇ। ਪਿੰਡ ਵਾਲ਼ੀ ਬੱਸ ਫ਼ੜ ਕੇ ਜਦੋਂ ਘਰ ਪਹੁੰਚ ਕੇ ਟਿਕਟਾਂ ਵੱਲ ਨਜ਼ਰ ਪਈ ਤਾਂ ਮੈਂ ਦੇਖਿਆ ਕਿ ਜਿਹੜੀ ਜਲੰਧਰੋਂ ਚੱਲਣ ਸਮੇਂ ਪਹਿਲੀ ਟਿਕਟ ਕੱਟੀ ਸੀ ਉਹ ਸੌਂ ਰੁਪਏ ਦੀ ਸੀ, ਇਹ ਜਲੰਧਰ ਤੋਂ ਲੁਧਿਆਣੇ ਤੱਕ ਦਾ ਕਿਰਾਇਆ ਸੀ,ਇਸ ਕਰਕੇ ਕਡੰਕਟਰ ਨੇ ਟਿਕਟ ਦੇ ਪਿੱਛੇ ਦੋ ਲਾਈਨਾਂ ਮਾਰੀਆਂ ਸਨ। ਮੈਥੋਂ ਗ਼ਲਤੀ ਹੋ ਗਈ ਜ਼ੇਕਰ ਮੈਂ ਉਸੇ ਸਮੇਂ ਟਿਕਟ ਚੈੱਕ ਕਰ ਲੈਂਦਾ ਤਾਂ ਸ਼ਾਇਦ ਸਫ਼ਰ ਦੀਆਂ ਮੁਸ਼ਿਕਲਾਂ ਤੋਂ ਬਚ ਜਾਂਦਾ। ਗਲਤੀਆਂ ਤੋਂ ਬਚਣ ਲਈ ਤਜਰਬੇ ਦੀ ਲੋੜ ਹੁੰਦੀ ਹੈ ਪ੍ਰੰਤੂ ਅਸਲੀ ਤਜਰਬਾ ਗਲਤੀਆਂ ਤੋਂ ਹੀ ਪ੍ਰਾਪਤ ਹੁੰਦਾ ਹੈ ।ਹੁਣ ਜਦੋਂ ਵੀ ਸਫ਼ਰ ਕਰਦਾ ਹਾਂ ਤਾਂ ਚੌਕਸ ਰਹਿੰਦਾ ਹਾਂ ਕਿਉਂਕਿ ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ।ਦੋ ਸਾਲ ਪਹਿਲਾਂ ਦਾ ਕੀਤਾ ਸਫ਼ਰ ਹੁਣ ਵੀ ਯਾਦਾਂ ਵਿੱਚ ਤਰੋਤਾਜ਼ਾ ਹੈ, ਜਿਸਨੇ ਸਫ਼ਰ ਕਰਨ ਦਾ ਤਰੀਕਾ ਅਤੇ ਸਲੀਕਾ ਸਿਖਾਕੇ ਮੈਨੂੰ ਸਹੀ ਸੇਧ ਦੇ ਕੇ ਮੇਰੇ ਤਜਰਬੇ ਵਿੱਚ ਵਾਧਾ ਕੀਤਾ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





1003 Moffat Blvd,
Manteca CA 95336
209-239-1551



A One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

# SUNLIGHT ADULT DAY HEALTH CARE CENTRE

**ਬੁਢਾਪੇ ਨੂੰ ਖ਼ੁਸ਼ਹਾਲ ਤੇ ਰੰਗੀਨ ਬਣਾਓ**
**ਨਵੀਆਂ-ਨਵੀਆਂ communities ਦੇ**
**ਲੋਕਾਂ ਨਾਲ ਬਿਤਾਓ ਸਮਾਂ**



**ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ**




**Bus Pickup & Drop**
**ਸਾਫ਼- ਸੁਥਰਾ ਮਾਹੌਲ**
**Health Care Facility**

**Physical, Occupational & Speech Therapy**
**Dietition ਦੁਆਰਾ ਤਿਆਰ Nutritional Diet**
**ਮੈਡੀਕਲ ਸਹੂਲਤਾਂ Entertainment ਲਈ GAMES**

**ਅਸੀਂ ਤੁਹਾਡਾ ਮਨਪਸੰਦ 'ਇੰਡੀਅਨ ਖਾਣਾ' ਵੀ provide ਕਰਦੇ ਹਾਂ**



**ਅਗਰ ਤੁਹਾਡੇ ਕੋਲ ਮੈਡੀਕਲ ਹੈ ਤਾਂ ਸੈਂਟਰ ਵੱਲੋਂ**
**ਤੁਹਾਨੂੰ ਸਾਰੀਆਂ ਸੇਵਾਵਾਂ ਮੁਫ਼ਤ ਮਿਲਣਗੀਆਂ**

**ADDRESS:1581 Cummins Drive Suite 100, Modesto, CA 95358**

**CALL TODAY AT - (209) 408-0019**
**Email : sunlightadhc@yahoo.com**

**ਅਸੀਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ-ਬਰ -ਤਿਆਰ ਹਾਂ**

# ਕੱਲ੍ਹ ਮੈਂ ਆਪਣਾ ਜਨਮਦਿਨ ਮਨਾਇਆ



ਕੱਲ੍ਹ ਮੈਂ ਆਪਣਾ ਜਨਮਦਿਨ ਮਨਾਇਆ,
ਮੈਂ ਇੱਕ ਰੁੱਖ ਵੀ ਲਗਾਇਆ,
ਤੁਸੀਂ ਵੀ ਆਪਣਾ ਜਨਮਦਿਨ ਮਨਾਓ,
ਤੁਸੀਂ ਵੀ ਇੱਕ ਰੁੱਖ ਲਗਾਓ,
ਰੁੱਖ ਲਗਾਓ-ਰੁੱਖ ਲਗਾਓ,
ਧਰਤੀ ਨੂੰ ਖੁਸ਼ਹਾਲ ਬਣਾਓ,
ਵਾਤਾਵਰਣ ਨੂੰ ਹਰਾ-ਭਰਾ ਬਣਾਓ,
ਜਦੋਂ ਆਪਣਾ ਜਨਮ ਦਿਨ ਮਨਾਓ,
ਆਪਣੇ ਜਨਮ ਦਿਨ 'ਤੇ ਰੁੱਖ ਲਗਾਓ।



**ਨਵਦੀਪ ਕੌਰ, ਜਮਾਤ ਪੰਜਵੀਂ**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ,**
**ਗੰਭੀਰਪੁਰ ਲੋਅਰ, ਜ਼ਿਲ੍ਹਾ ਰੂਪਨਗਰ,**
**ਗਾਈਡ ਅਧਿਆਪਕ**
**ਮਾਸਟਰ ਸੰਜੀਵ ਧਰਮਾਣੀ**
**9478561356**

# ਹਕੀਕਤ

*-ਬੰਦਾ ਖੁਦ ਨੀ ਬਦਲਦਾ, ਬੰਦੇ ਨੂੰ ਹਾਲਾਤ ਬਦਲਦੇ ਨੇ। ਬੰਦੇ ਦਾ ਸੁਭਾਅ ਫਿਰ ਬਦਲਦਾ ਜਦੋਂ ਰਿਸ਼ਤੇ ਖਾਸ ਬਦਲਦੇ ਨੇ।

*-ਝੂਠ ਦਾ ਵੀ ਅਜੀਬ ਜ਼ਾਇਕਾ ਹੈ, ਆਪ ਬੋਲੋ ਤਾਂ ਮਿੱਠਾ ਲੱਗਦਾ ਹੈ ਤੇ ਕੋਈ ਦੂਜਾ ਬੋਲੇ ਤਾਂ ਕੌੜਾ ਲੱਗਦਾ ਹੈ।

*-ਮਰਦ ਦੀ ਪਛਾਣ ਉਸ ਦੇ ਪਹਿਰਾਵੇ ਜਾਂ ਦਾਹੜੀ ਮੁੱਛ ਤੋਂ ਨਹੀਂ ਹੁੰਦੀ ਕਰੈਕਟਰ ਤੋਂ ਹੁੰਦੀ ਹੈ ਤੇ ਕਰੈਕਟਰ ਉਸ ਦਾ ਹੁੰਦਾ ਹੈ ਜਿਸ ਦੀ ਜ਼ਮੀਰ ਜਿੰਦਾ ਹੋਵੇ।

*-ਟੈਨਸ਼ਨ ਨਾ ਲਵੋ ਤੁਸੀਂ ਇਕੱਲੇ ਨਹੀਂ ਹੋ, ਏਥੇ ਜਿੰਦਗੀ ਨੇ ਸਾਰਿਆਂ ਨੂੰ ਹੀ ਸਤਾਇਆ ਹੋਇਆ ਹੈ।

*-ਖਾਲੀ ਚਰਖੇ ਨਹੀਂ ਸੀ ਘੁੰਮਾਉਦਾਂ ਰਿਹਾ, ਉਹਨੇ ਤੰਦ ਗਿਣ ਗਿਣ ਕੇ ਪਾਏ ਸੀ। ਜਿਹੜੀਆਂ ਫਾਂਸੀਆਂ ਤੇ ਤੁਸੀਂ ਚੜੇ ਸੀ ਸਿੱਖੋ, ਉਹ ਰੱਸੇ ਗਾਂਧੀ ਦੇ ਹੀ ਤਾਂ ਬਣਾਏ ਸੀ।

*-ਔਲਾਦ ਭਾਵੇਂ ਬੇਰੋਜ਼ਗਾਰ ਹੋਵੇ ਪਰ ਭੈੜੀ ਮਾੜੀ ਨਸ਼ਈ ਨਾ ਹੋਵੇ।

*-ਰਿਸ਼ਤੇਦਾਰ ਭਾਵੇਂ ਮਾੜਾ ਹੋਵੇ ਪਰ ਗੁਆਂਢ ਮਾੜਾ ਨਾ ਹੋਵੇ।

*-ਘਰ ਭਾਵੇਂ ਛੋਟਾ ਹੋਵੇ ਪਰ ਦਿਲ ਛੋਟਾ ਨਾ ਹੋਵੇ।

*-ਕਮਾਈ ਭਾਵੇਂ ਘੱਟ ਹੋਵੇ ਪਰ ਸਿਹਤ ਨੂੰ ਦੁੱਖ ਅਤੇ ਘਰ ਚ ਕਲੇਸ਼ ਨਾ ਹੋਵੇ।

*-ਉਮਰ ਭਾਵੇਂ ਘੱਟ ਹੋਵੇ ਪਰ ਅੰਤ ਦੁੱਖਦਾਈ ਨਾ ਹੋਵੇ।

*-ਕਮਜੋਰਾਂ ਤੇ ਪ੍ਰਾਪਤ ਕੀਤੀ ਜਿੱਤ ਹਾਰ ਹੀ ਹੁੰਦੀ ਹੈ।

*-ਨਾਬਰਾਂ ਤੇ ਜਾਬਰਾਂ ਨਾਲ ਮੱਥਾ ਲਾਉਣ ਵਿਚ ਹੋਈ ਹਾਰ, ਜਿੱਤ ਵਰਗੀ ਹੀ ਹੁੰਦੀ ਹੈ।

*-ਤੁਹਾਡੇ ਰਸਤੇ 'ਚ ਟੋਆ ਪੁੱਟਣ ਵਾਲੇ ਦਾ ਸ਼ੁਕਰੀਆ ਅਦਾ ਕਰੋ, ਕਿਉਂਕਿ ਉਨ੍ਹਾਂ ਦੀ ਵਜ੍ਹਾ ਨਾਲ ਹੀ ਤੁਸੀਂ ਛਲਾਂਗ ਲਾਉਣਾ ਸਿੱਖਦੇ ਹੋ।

*-ਕੋਈ ਇਨਸਾਨ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ, ਵਕਤ-ਹਾਲਾਤ ਅਤੇ ਲੋਕ ਉਸਨੂੰ ਬਦਲਣ ਲਈ ਮਜਬੂਰ ਕਰ ਦਿੰਦੇ ਨੇ।

*-ਕੁੱਝ ਲੋਕ ਸਾਥ ਨਹੀਂ, ਸਬਕ ਦਿੰਦੇ ਨੇ।



**Paramjit Singh Sekhon (Dakha)**
President, Dal Khalsa Alliance
1700 Shattuck Ave, # 303 Berkeley CA 94709. (510)774 5909.
*A Nonprofit Organization Dedicated to Public Awareness*

LARRY T. NIERMEYER
Attorney at Law



OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com




SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

**ਸੰਪਰਕ: +1 (209) 303-1260**